# ਅੰਮ੍ਰਿਤ ਕੀਰਤਨ

ਅੰਕ 3 ਸਾਲ ਛੇਵਾਂ ਮਾਰਚ, 1994



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 3 ਸਾਲ ਛੇਵਾਂ ਮਾਰਚ, 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਉਘਟਡ ਸੰਗੀਤ — ਅਨੇਕ-ਰਾਗਨ 1
ਸ. ਤੀਰਥ ਸਿੰਘ

2] ਲਛਮਣ ਚੇਲਾ ਰਾਮ ਜੀ 4
ਗੁਰਬਾਣੀ ਕੀਰਤਨ ਦੇ ਅਨਿੰਨ ਪ੍ਰਚਾਰਕ
— ਕਰਤਾਰ ਸਿੰਘ ਦੁੱਗਲ

3] ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕੀਰਤਨੀਏ 8
ਰਬਾਬੀ ਤੇ ਰਾਗੀ
— ਸਿੰਘ ਸਾਹਿਬ ਗਿ: ਕਿਰਪਾਲ ਸਿੰਘ

4] ਸ਼ਬਦ ਸੁਰ ਲਿਪੀ ਰਾਗ 28
ਬਸੰਤ ਤਿੰਨ ਤਾਲ
— ਪ੍ਰੋ: ਜਸਪਾਲ ਸਿੰਘ

5] ਪੁਸਤਕ ਚਰਚਾ 30

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ. 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਉਖਟਡ-ਸੰਗੀਤ—ਅਨੇਕ-ਰਾਗਨ

## (ਸਰਬ ਲੋਹ ਗਰੰਥ)

—ਸ੍ਰ: ਤੀਰਥ ਸਿੰਘ,
4, ਗੁਰੂ ਗੋਬਿੰਦ ਸਿੰਘ ਮਾਰਕੀਟ,
ਗਰਾਂਟ ਰੋਡ, ਸਹਾਰਨਪੁਰ ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ 9 ਗੁਰੂਆਂ ਤਕ ਆਦਿ ਗਰੰਥ (ਸ੍ਰੀ ਗੁਰੂ ਗਰੰਥ ਸਾਹਿਬ ਜੀ) ਅੰਦਰ ਕੁਝ ਅੰਗ ਛਡ ਕੇ ਸਮੂਹ ਬਾਣੀ ਸੰਗੀਤਕ/ਰਾਗਾਂ ਦੇ ਸਿਰਲੇਖਾਂ ਦੁਆਰਾ ਸੰਪੂਰਨ ਕੀਤੀ ਹੋਈ ਹੈ । ਇਸੇ ਆਸ਼ੇ ਅਨੁਸਾਰ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਦਸਮ ਗਰੰਥ ਤੇ ਹੋਰਾਂ ਗਰੰਥਾਂ ਅੰਦਰ ਖਾਸ ਕਰਕੇ ਸਰਬ ਲੋਹ ਗਰੰਥ ਦੀ ਸਮੂਹ ਰਚਨਾ ਸੰਗੀਤਕ ਧੁਨੀਆਂ/ਰਾਗਾਂ ਦੇ ਹੈਡਿੰਗ ਤੇ ਵਿਧੀ ਨੂੰ ਦਰਸਾ ਕੇ ਉਚਾਰਨ ਕੀਤੀ ਹੈ ।

ਜਿਥੇ ਗੁਰੂ ਗਰੰਥ ਸਾਹਿਬ ਅੰਦਰ ਸਮੂਹ ਬਾਣੀ ਰਾਗਾਂ ਅਨੁਸਾਰ ਤਰਤੀਬ ਕਰਕੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਲਿਜੁਗੀ ਜੀਵਾਂ ਦੇ ਉਧਾਰ-ਹਿਤ ਮਹਾਨ ਉਪਰਾਲਾ ਕੀਤਾ, ਤੇ ਸੰਗੀਤਕ ਵਿਰਸੇ ਨੂੰ ਸਦੀਵੀ ਬਾਣੀ ਦੇ ਸੁਮੇਲ ਦੁਆਰਾ ਕੀਰਤਨ ਦਾ ਰੂਪ ਬਖਸ਼ਿਆ, ਤੇ ਰਾਗ ਮਾਲਾ ਰਾਹੀਂ ਰਾਗਾਂ ਨੂੰ ਸੂਚੀ-ਬਧ ਕਰਵਾਇਆ, ਇਸ ਪਰਕਾਰ ਦਸਮ ਪਾਤਸ਼ਾਹ ਜੀ ਨੇ ਅਨੇਕਾਂ ਰਚਨਾਂ ਨੂੰ ਰਾਗਾਂ ਦੇ ਕ੍ਰਮ ਤੇ ਉਹਨਾਂ ਦੇ ਨਾਮ-ਵਿਸਥਾਰ ਬਾਰੇ ਭਰਪੂਰ ਤੱਥਾਂ ਰਾਹੀਂ ਉਜਾਗਰ ਕਰ ਸਿੱਖੀ ਦੇ ਸੰਗੀਤਕ ਵਿਰਸੇ ਨੂੰ ਤੇ ਹਿੰਦੁਸਤਾਨੀ ਸੰਗੀਤ, ਆਪ ਖੁਦ ਗਾਇਕੀ ਦੁਆਰਾ ਤੇ ਕੀਰਤਨ ਦੁਆਰਾ ਹੋਰ ਵਧੇਰੇ ਭਰਪੂਰ ਕੀਤਾ ਹੈ ।

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ।,
ਸਭੈ ਪੁਤ੍ਰ ਰਾਗੰਨ ਨੇ ਅਠਾਰਹ ਦਸ ਬੀਸ ॥
6+30+18+10+20=84 (ਆਦਿ ਗਰੰਥ)
ਖਸਟ - ਰਾਗ — ਸੁਤਿ ਤੀਸ ਬਹੁੰਗਨ ਬਿਬਿਧ ਨਿਸਾਨ ਬਜਾਵਹਿ ।
(ਸਰਬ ਲੋਹ ਗਰੰਥ)

## ਕਬਿਤ (ਰਾਗ ਮਾਲਾ)

ਸ੍ਰੀ ਰਾਗ, ਮਾਝ, ਗੌੜੀ, ਆਸਾ ਸੰਗ ਭਈ ਬਉਰੀ ॥
ਗੁਜਰੀ, ਗੰਧਾਰੋਂ ਤੇ ਬਿਹਾਗੜਾ, ਸੁਹਾਇਓ ਹੈ ॥
ਵਡਹੰਸ, ਸੋਰਠਿ, ਧਨਾਸਰੀ ਤੇ ਜੈਤਸਰੀ,

ਟੋਡੀ ਤੇ ਬੈਰਾੜੀ ਔ ਤਿਲੰਗ ਸੂਹੀ ਛਾਇਓ ਹੈ ।
ਬਿਲਾਵਲ ਤੇ ਗੌਂਡ, ਰਾਮਕਲੀ, ਨਟ, ਮਾਲੀ ਗਉੜਾ,
ਮਾਰੂ ਤੇ ਤੁਖਾਰੀ ਔ ਕਿਦਾਰਾ ਭੈਰਉ ਭਾਇਓ ਹੈ ।
ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ,
ਪ੍ਰਭਾਤੀ ਤੇ ਬਿਭਾਸ, ਜੈਜਾਵੰਤੀ ਗੁਣਗਾਇਓ ਹੈ ॥

(ਗੁਰਬਾਣੀ ਪ੍ਰਬੰਧ ਚੋਂ)

| ਰਾਗ | ਇਸਤਰੀਆਂ | ਪੁਤਰ |
|---|---|---|
| 1. ਭੈਰਵ | ਭੈਰਵੀ, ਬਿਲਾਵਲੀ, ਪੁੰਨਿਆਕੀ, ਬੰਗਾਲੀ, ਅਸਲੇਖੀ | ਪੰਚਮ, ਹਰਖ, ਦਿਸਾਖ ਮਧੁ, ਮਾਧਵ, ਬੰਗਾਲਮ, ਲਲਿਤ, ਬਿਲਾਵਲ |
| 2. ਮਾਲਕਉਸਕ (ਕਉਸ) | ਗੌਂਡਕਰੀ, ਦੇਵਗੰਧਾਰੀ, ਗੰਧਾਰੀ, ਸੀਹੁਤੀ, ਧਨਾਸਰੀ | ਮਾਰੂ, ਮਸਤ, ਅੰਗਮੇਵਾਰ, ਪ੍ਰਬਲ ਚੰਡ ਕਉਸਕ, ਖਉਖਟ, ਭਉਰਾਨੰਦ |
| 3. ਹਿੰਡੋਲ | ਤੇਲੰਗੀ, ਦੇਵਕਰੀ, ਬਸੰਤੀ, ਸੰਦੂਰੀ, ਅਹੀਰੀ | ਸੁਰਮਾਨੰਦ, ਭਾਸਕਰ, ਚੰਦਰਬਿੰਬ, ਮੰਗਲਨ, ਸਰਸਬਾਨ, ਬਿਨੋਦ, ਬਸੰਤ, ਕਮੋਦ |
| 4. ਦੀਪਕ | ਕਛੇਲੀ, ਪਟਮੰਜਰੀ, ਟੋਡੀ, ਕਮੋਦੀ, ਗੂਜਰੀ | ਕਾਲੰਕਾ, ਕੁੰਤਲ, ਰਾਮਾ, ਕਮਲ, ਕੁਸਮ, ਚੰਪਕ, ਗਓੜਾ, ਕਾਨੜਾ, ਕਲਿਆਨਾ |
| 5. ਸ੍ਰੀ ਰਾਗ | ਬੈਰਾਰੀ, ਕਰਨਾਟੀ, ਗਵਰੀ, ਆਸਾਵਰੀ, ਸਿੰਧਵੀ | ਸਾਲੂ, ਸਾਰੰਗ, ਸਾਗਰਾ, ਗੌਂਡ, ਗੁੰਡ, ਗੰਭੀਰ, ਕੁੰਭ, ਹਮੀਰ |
| 6. ਮੇਘ | ਸੋਰਠਿ, ਗੌਂਡ, ਮਲਾਰੀ, ਆਸਾ, ਸੂਹੀ (ਸੁਹਓ) | ਬੈਰਾਧਰ, ਗਜਧਰ, ਕੇਦਾਰਾ, ਜਬਲੀ-ਧਰ, ਨਟ, ਜਲਧਾਰਾ, ਸੰਕਰ-ਸਿਯਾਮਾ ॥ |

ਤਿੰਨ ਕੇ ਨਾਮ ਪ੍ਰਗਟ ਕਰ ਭਾਖਤ ਰਾਗ ਰਾਗਨੀ ਬਯੂਹਨਿ ॥

(ਸਰਬਲੋਹ ਗਰੰਥ)

ਮਾਲਕੌਸ, ਵਡਹੰਸ, ਅਲਾਪਤਿ, ਤਾਲ-ਤਾਨ-ਮਦ-ਮੋਚਿਨ
ਮਾਰੂ, ਪਰਜ, ਧਮਾਰ, ਗਜਧਰ, ਲਲਤਿ, ਸੂਹੀ, ਤ੍ਰਿਲੋਚਨ

(ਦੀਪਕ ਰਾਗ ਦੇ ਪੁਤਰ ਦੀ ਇਸਤਰੀ ਦਾ ਨਾਮ)

ਕਮੋਦੀ, ਕਲਯਾਨ, ਕੁਸਮ, ਕਰਦੁੰਦ, ਸੁ ਲੋਚਿਨ
ਭੈਰਵ, ਹਿੰਡੋਲ, ਬਸੰਤ, ਕਮਲ, ਚੰਪਕ, ਮਨਿ, ਰੋਚਨਿ ॥
ਕਛੇਲੀ, ਪਟਮੰਜਰੀ, ਟੋਡੀ, ਕਉ ਭਾਰਾ,
ਸਰਸ ਅਹੀਰੀ, ਮਾਲਤੀ, ਖੋਖਟ ਜਲਧਾਰਾ,
ਬਿਭਾਸ, ਭਾਸਕਰ, ਸੂਹਵੀ, ਮਧੁਕਰ, ਸੂਰਮਾਨੰਦ, ਤੁਖਾਰਾ,

ਸੋਰਠਿ, ਸਾਰੰਗ, ਗੌਂਡ, ਬਿਲਾਵਲ, ਰਾਮਕਲੀ, ਨਟ, ਦੇਵ ਗੰਧਾਰਾ ॥
ਦੀਪਕ, ਮੇਘ-ਰਾਗ, ਗੁੰਡ, ਗੌਰੀ, ਕੁੰਡ-ਚੰਡ, ਗਜਧਰ ਅਓਤਾਰਾ ।
ਮਾਲੀ ਗਓੜਾ, ਮਾਝ, ਤਈਲੰਗੀ, ਬੰਗਾਲਮ, ਦੀਪਕ, ਬੈਰਾਰਾ ।
ਮਧ-ਮਾਧਵ, ਦੀਪਕੀ, ਬਸੰਤੀ, ਗੰਭੀਰ, ਹਮੀਰ, ਅੰਗਮੇਵਾਰਾ ।
ਜੈਜਾਵੰਤੀ, ਜੇਤਸਰੀ, ਕਰਨਾਟੀ, ਕੁਸਮ-ਮਲਾਰਾ ॥
ਕਾਲੰਕਾ-ਕੁੰਤਲ, ਅਰ ਸਜਾਮਾ, ਪੂੰਨੀਆ, ਬੰਗੁਲੀ
ਬੈਰਾਧਰ, ਗੂਜਰੀ, ਗੰਧਾਰੀ ਸੂਹੀ, ਸੀਹੁੰਤਿ ਜੰਗਲੀ
ਸਿਧਵੀ, ਸ੍ਰੀ ਰਾਗ, ਧਨਾਸਰੀ, ਟੋਡੀ, ਸੰਧੂਰ ਮੰਗਲੀ
ਸਾਲੂ, ਸਾਗਰ, ਮਾਲਸਰੀ, ਪ੍ਰਭਾਤੀ, ਭੈਰਵ, ਪਿੰਗਲੀ ॥
ਕਉਸਕ, ਯਮਨ, ਬਿਲਾਵਲ, ਭਾਸਕਰ, ਭੈਰਵੀ ਅਲਾਪਹਿ
ਹਰਖ-ਦਿਸਾਖ ਬੈਰਾਸਰ-ਜਬਲੀ, ਸਰਸ ਬਿਨੋਦਾ ਥਾਪਹਿ
ਖੇਖਟ, ਦੇਵਕਰੀ, ਅਸਲੇਖੀ, ਪੰਚਮ ਸਾਜ ਮਿਲਾਵਹਿ
ਖਸ੍ਟ-ਰਾਗ-ਜੁਤਿ-ਤੀਸ ਬਰੰਗਨ ਬਿਬਿਧ ਨਿਸਾਨ ਬਜਾਵਹਿ ॥

ਇਸੇ ਪਰਕਾਰ ਬਸੰਤ—ਬਸੰਤੀ—ਬਸੰਤ—ਬਹਾਰ ਦੇ ਪਰਕਾਰਾਂ ਦਾ ਵਰਨਣ ਵੀ ਕੀਤਾ ਹੋਇਆ ਹੈ :—

ਪ੍ਰਤਾਪ ਬਸੰਤ, ਭੋਗ ਬਸੰਤ, ਪ੍ਰਸਪ ਬਸੰਤ, ਮਯੂਰ ਬਸੰਤ, ਮਾਰਵ ਬਸੰਤ, ਰਾਗ ਬਸੰਤ, ਕੰਕਣ ਬਸੰਤ, ਗੀਰਵਾਣੀ ਬਸੰਤ, ਨਰਾਯਣੀ ਬਸੰਤ, ਪ੍ਰਿਯ ਬਸੰਤ, ਭੂਪਾਲ ਬਸੰਤ, ਭੈਰਵੀ ਬਸੰਤ, ਮਨੋਹਰੀ ਬਸੰਤ, ਮੁਖਾਰੀ ਬਸੰਤ, ਨੀਲਾ ਬਸੰਤ, ਵਰਾਲੀ ਬਸੰਤ, ਬੀਰ ਬਸੰਤ, ਸੁਧ ਬਸੰਤ, ਸਿੰਹਮੇਲ ਬਸੰਤ, ਹਿੰਡੋਲ ਬਸੰਤ, ਦੰਤੀ ਬਸੰਤ, ਤਾਨ ਬਸੰਤ, ਜੀਵਿਕਾ ਬਸੰਤ, ਗੋਪੀ ਬਸੰਤ, ਗੋਪਿਕਾ ਬਸੰਤ, ਕਲਯਾਨ ਬਸੰਤ, ਕਲ ਬਸੰਤ, ਕਨਕ ਬਸੰਤ ਤੇ ਮਾਰੂਵ ਬਸੰਤ ਦੇ ਛਾਇਆ ਨਿੰਜਤ ਭੇਦ ਹਨ ।

# ਲਛਮਣ ਚੇਲਾ ਰਾਮ ਜੀ

# ਗੁਰਬਾਣੀ ਕੀਰਤਨ ਦੇ ਅਨਿੰਨ ਪੁਜਾਰਕ

—ਕਰਤਾਰ ਸਿੰਘ ਦੁੱਗਲ

ਜਦੋਂ ਮੇਰੇ ਇਕ ਦੋਸਤ ਰਾਮ ਲਾਲ ਦੇ ਪਿਤਾ ਦਾ ਦੇਹਾਂਤ ਹੋਇਆ ਤਾਂ ਅੰਤਮ ਸੰਸਕਾਰ ਸਮੇਂ ਘਰ ਵਿਚ ਅਖੰਡ ਪਾਠ ਕਰਵਾਇਆ ਗਿਆ। ਸ਼ਹਿਰ ਦੇ ਸਭ ਤੋਂ ਪ੍ਰਸਿੱਧ ਰਾਗੀ ਜਥੇ ਨੂੰ ਸ਼ਬਦ ਕੀਰਤਨ ਕਰਨ ਲਈ ਸੱਦਿਆ ਗਿਆ ਅਤੇ ਅੰਤਮ ਅਰਦਾਸ ਕੀਤੀ ਗਈ। ਇਸ ਘਟਨਾ ਤੋਂ ਛੇ ਕੁ ਸਾਲ ਪਿਛੋਂ, ਜਦੋਂ ਉਸੇ ਰਾਮ ਲਾਲ ਦੀ ਮਾਤਾ ਸੁਰਗਵਾਸ ਹੋਈ ਤਾਂ ਕਿਰਿਆ ਸਮੇਂ ਹਵਨ ਕਰਵਾਇਆ ਗਿਆ ਅਤੇ ਵੇਦ ਮੰਤਰਾਂ ਦਾ ਉਚਾਰਨ ਕੀਤਾ ਗਿਆ। ਦੋਵੇਂ ਵਾਰੀ ਪਰਿਵਾਰ ਦੇ ਦੁੱਖ ਵੰਡਾਉਣ ਲਈ ਇਕੱਠੇ ਹੋਏ ਲੋਕ ਉਹ ਹੀ ਸਨ, ਮੁਹੱਲੇ ਦੇ ਹਿੰਦੂ ਅਤੇ ਸਿੱਖ।

ਕੁੱਝ ਦਿਨ ਪਹਿਲਾਂ ਜਦੋਂ ਲਛਮਣ ਚੇਲਾ ਰਾਮ ਸਾਡੇ ਘਰ ਆਏ ਤਾਂ ਉਪਰਲੀ ਘਟਨਾ ਅਚਨਚੇਤ ਹੀ ਮੈਨੂੰ ਯਾਦ ਆ ਗਈ। ਲਛਮਣ ਚੇਲਾ ਰਾਮ ਉਸ ਦਾਦਾ ਚੇਲਾ ਰਾਮ ਦੇ ਸਭ ਤੋਂ ਛੋਟੇ ਸਪੁੱਤਰ ਹਨ ਜਿਹਨਾਂ ਦਾ ਨਾਂ ਜੀਵਨ ਕਾਲ ਵਿਚ ਹੀ ਘਰ-ਘਰ ਵਿਚ ਜਾਣਿਆ ਜਾਣ ਲੱਗ ਪਿਆ ਸੀ। ਉਹ ਗੁਰਬਾਣੀ ਕੀਰਤਨ ਕਰਦੇ ਤੇ ਦੂਰੋਂ-ਦੂਰੋਂ ਲੋਕ ਉਹਨਾਂ ਦਾ ਕੀਰਤਨ ਸੁਣਨ ਆਉਂਦੇ। ਮੈਨੂੰ ਉਹ ਦਿਨ ਵੀ ਯਾਦ ਹੈ ਜਦੋਂ ਅਣਵੰਡੇ ਪੰਜਾਬ ਵਿਚ ਦਾਦਾ ਚੇਲਾ ਰਾਮ ਦਾ ਜੱਥਾ ਦੁੱਧ ਚਿੱਟੇ ਕਪੜੇ ਪਾਈ ਸਾਡੇ ਸ਼ਹਿਰ ਆਉਂਦਾ। ਲੋਕ ਆਪਣੇ ਕੰਮ ਧੰਦੇ ਛੱਡ ਦੇਂਦੇ। ਦਾਦਾ ਚੇਲਾ ਰਾਮ ਦਾ ਕੀਰਤਨ ਸੁਣਨ ਲਈ ਆਪਣੇ ਸਾਰੇ ਸੰਸਾਰਕ ਕਾਰ-ਵਿਹਾਰ ਭੁੱਲ ਜਾਂਦੇ। ਉਹਨਾਂ ਦਾ ਸ਼ਬਦ ਕੀਰਤਨ ਸੁਣਦੇ, ਕਈ ਸ਼ਰਧਾਲੂ ਵੈਰਾਗ ਵਿਚ ਆ ਕੇ ਪਰਲ-ਪਰਲ ਹੰਝੂ ਕੇਰਨ ਲੱਗ ਜਾਂਦੇ।

ਇਕ ਵਕਤ ਸੀ ਜਦੋਂ ਉਹਨਾਂ ਦੇ ਜਥੇ ਵਿਚ 100 ਬੰਦੇ, ਜ਼ਨਾਨੀਆਂ ਹੁੰਦੇ ਸਨ। ਉਹਨਾਂ ਦਾ ਕੀਰਤਨ ਸੁਣ ਕੇ ਅੰਗਮੀ - ਸੁਆਦ ਆਉਂਦਾ। ਦਾਦਾ ਚੇਲਾ ਰਾਮ ਸਹਿਜ-ਧਾਰੀ ਸਿੱਖ ਸਨ ਤੇ ਉਹਨਾਂ ਨੇ ਨਿਰਬਾਣ ਕੀਰਤਨ ਰਾਹੀਂ ਸਿੱਖ ਗੁਰੂਆਂ ਦੀ ਸਿਖਿਆ ਦਾ ਪਰਚਾਰ ਕਰਨ ਦੀ ਇਕ ਲਹਿਰ ਜਿਹੀ ਚਲਾ ਦਿੱਤੀ। 'ਆਪਿ ਜਪੈ ਅਵਰਹ ਨਾਮੁ ਜਪਾਵੈ' ਇਸ ਲਹਿਰ ਦੇ ਨਾਂਅ ਨਾਲ ਜੁੜ ਗਿਆ।

ਦਾਦਾ ਚੇਲਾ ਰਾਮ ਦਾ ਜਨਮ 1904 ਈ: ਵਿਚ ਹੈਦਰਾਬਾਦ ਸਿੰਧ [ਪਾਕਿਸਤਾਨ] ਵਿਚ ਹੋਇਆ। ਵਕਾਲਤ ਪਾਸ ਕਰਕੇ ਵੀ ਉਹਨਾਂ ਦਾ ਦਿਲ ਕਿਧਰੇ ਹੋਰ ਹੀ ਰਿਹਾ। 1934 ਵਿਚ ਉਹਨਾਂ ਨੇ ਕਰਾਚੀ ਦੇ ਗੁਰੂ ਮੰਦਰ ਵਿਚ ਸ਼ਬਦ ਕੀਰਤਨ ਕਰਨਾ ਸ਼ੁਰੂ ਕਰ

ਦਿੱਤਾ। ਸਿੱਖ ਗੁਰੂ ਸਾਹਿਬਾਨ ਦੀ ਸਿੱਖਿਆ ਦਾ ਪਰਚਾਰ ਕਰਨ ਦੇ ਮੰਤਵ ਨਾਲ ਉਨ੍ਹਾਂ ਨੇ ਨੌਜਵਾਨਾਂ ਲਈ ਗੁਰਬਾਣੀ ਅਧਿਐਨ ਦਾ ਕੰਮ ਵੀ ਹੱਥ ਵਿਚ ਲੈ ਲਿਆ। ਖੱਦਰ ਦੇ ਸਾਧਾਰਨ ਜਿਹੇ ਕਪੜੇ ਪਾਉਣ ਵਾਲੇ ਦਾਦਾ ਚੇਲਾ ਰਾਮ ਦੇ ਕੀਰਤਨੀ ਜਥੇ ਵਿਚ ਸ਼ਰਧਾਲੂ ਇਸਤਰੀਆਂ ਵੀ ਸ਼ਾਮਿਲ ਹੁੰਦੀਆਂ। ਆਰੰਭ ਵਿਚ 1934 ਤੋਂ 1942 ਤਕ ਉਹਨਾਂ ਨੇ ਕੀਰਤਨ ਅਤੇ ਸਿੱਖ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਬਾਰੇ ਪਰਚਾਰ ਦਾ ਕੰਮ ਸਿੰਧ ਵਿਚ ਹੀ ਕਰੀ ਰਖਿਆ।

1943 ਈ. ਵਿਚ ਆਪਣੇ 100 ਸਾਥੀਆਂ ਸਮੇਤ ਉਹ ਨਨਕਾਣਾ ਸਾਹਿਬ, ਪੰਜ ਸਾਹਿਬ, ਡੇਰਾ ਸਾਹਿਬ, ਹਰਿਮੰਦਰ ਸਾਹਿਬ ਅਤੇ ਹੋਰ ਪ੍ਰਸਿੱਧ ਸਿੱਖ ਤੀਰਥ ਅਸਥਾਨਾਂ ਦੀ ਕੀਰਤਨ-ਯਾਤਰਾ ਲਈ ਸਿੰਧ ਤੋਂ ਚੱਲ ਪਏ। ਕਿਹਾ ਜਾਂਦਾ ਹੈ ਕਿ ਇਸ ਕੀਰਤਨ ਯਾਤਰਾ ਸਮੇਂ ਜਦੋਂ ਆਪ ਗੁਰਦੁਆਰਾ ਪੱਟੀ ਸਾਹਿਬ ਵਿਚ ਅੰਮ੍ਰਿਤ ਵੇਲੇ ਦੇ ਕੀਰਤਨ ਕਰ ਰਹੇ ਸਨ ਤਾਂ ਉਹਨਾਂ ਨੇ ਮਾਸ ਖਾਣਾ ਛਡ ਦਿੱਤਾ ਅਤੇ ਇੱਥੇ ਹੀ ਭੁੰਜੇ ਸੌਣ ਤੇ ਸਦਾ ਚਿੱਟੇ ਕੱਪੜੇ ਪਾਉਣ ਦਾ ਨਿਰਣਾ ਲਿਆ।

ਦੇਸ਼ ਦੀ ਵੰਡ ਸਮੇਂ ਅਨੇਕ ਹੋਰ ਲੋਕਾਂ ਵਾਂਗ ਆਪ ਵੀ ਬੇਘਰ ਹੋ ਗਏ ਪਰ ਤਾਂ ਵੀ ਆਪ ਨੇ ਸਬਦ ਕੀਰਤਨ ਕਰਨਾ ਜਾਰੀ ਰਖਿਆ।

1949 ਵਿਚ ਉਹਨਾ ਨੇ ਦਿੱਲੀ ਵਿਚ ਨਿਰਗੁਣ ਬਾਲਕ ਸਤਿਸੰਗ ਮੰਡਲ ਸਥਾਪਤ ਕੀਤਾ ਅਤੇ ਇਸ ਮੰਡਲ ਦੀਆ ਸ਼ਾਖਾਵਾਂ ਬੰਬਈ, ਪੂਨਾ ਅਤੇ ਕਲਕੱਤਾ ਵਿਚ ਵੀ ਖੋਲ੍ਹ ਦਿੱਤੀਆ। ਉਹ ਸਮੇਂ-ਸਮੇਂ ਗੁਰਦੁਆਰਾ ਦੁਖ ਨਿਵਾਰਣ ਸਾਹਿਬ ਪਟਿਆਲਾ ਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ, ਤਖਤ ਸ੍ਰੀ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਨੰਦੇੜ ਦੀ ਤੀਰਥ ਯਾਤਰਾ ਲਈ ਜਾਂਦੇ ਰਹਿੰਦੇ। 1959 ਵਿਚ ਉਹਨਾਂ ਨੇ ਹਿਮਾਚਲ ਪ੍ਰਦੇਸ਼ ਵਿਚ ਸੋਲਨ ਨੇੜੇ, ਸੰਪੂਰਨ ਵਿਚ ਆਪਣਾ ਆਸ਼ਰਮ ਸਥਾਪਤ ਕੀਤਾ ਜਿੱਥੇ ਉਹ ਸਾਲ ਵਿਚ ਪੰਜ ਮਹੀਨੇ ਠਹਿਰਦੇ। ਬਾਕੀ ਸਤ ਮਹੀਨੇ ਉਹ ਦੇਸ਼ ਵਿਚ ਥਾਂ-ਥਾਂ ਯਾਤਰਾ ਕਰਕੇ, ਕੀਰਤਨ ਅਤੇ ਸਤਿਸੰਗ ਦੀ ਛਹਿਬਰ ਲਾਉਂਦੇ ਰਹਿੰਦੇ। 1964 ਵਿਚ ਇਸੇ ਤਰ੍ਹਾਂ ਯਾਤਰਾ ਕਰਦੇ ਹੋਏ ਹੀ ਉਹਨਾਂ ਨੇ ਆਪਣਾ ਜੀਵਨ ਸਫਰ ਵੀ ਪੂਰਾ ਕਰ ਲਿਆ।

ਸਿੱਖ ਗ੍ਰੰਥਾਂ ਦੇ ਪਰਚਾਰ ਦਾ ਜਜ਼ਬਾ ਉਹਨਾਂ ਅੰਦਰ ਠਾਠਾਂ ਮਾਰਦਾ ਸੀ। ਇਸੇ ਕਰਕੇ ਦਾਦਾ ਚੇਲਾ ਰਾਮ ਜੀ ਨੇ ਜਪੁਜੀ ਸਾਹਿਬ ਅਤੇ ਆਸਾ ਦੀ ਵਾਰ ਦਾ ਅੰਗਰੇਜ਼ੀ ਵਿਚ ਵੀ ਅਨੁਵਾਦ ਕੀਤਾ। ਸਿੰਧੀ ਭਾਸ਼ਾ ਵਿਚ ਉਹਨਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਨਿਤ-ਨੇਮ ਦੀਆਂ ਬਾਣੀਆਂ ਦਾ ਅਨੁਵਾਦ ਕਰਕੇ ਸਾਰੇ ਅਨੁਵਾਦ ਹੀ ਪ੍ਰਕਾਸ਼ਿਤ ਕਰਵਾਏ। ਗੁਰੂ ਨਾਨਕ ਦੇਵ ਜੀ ਅਤੇ ਭਗਵਾਨ ਕ੍ਰਿਸ਼ਨ ਦੀ ਮਹਿਮਾ ਵਿਚ ਰਚੇ ਉਹਨਾਂ ਉਹਨਾਂ ਦੇ ਅਧਿਆਤਮਕ ਗੀਤਾਂ ਦੇ ਸੰਗ੍ਰਹਿ ਦਾ ਨਾਂ ਨਿਰਗੁਣ ਗੀਤ ਹੈ।

ਸ੍ਰੀ ਲਛਮਣ ਚੇਲਾ ਰਾਮ ਨੇ ਜਦੋਂ ਇਹ ਦੱਸਿਆ ਕਿ ਦੀਦੀ ਕਮਲਾ ਦੇਵੀ ਚੇਲਾ ਰਾਮ ਵੀ ਆਪਣ ਪਿਤਾ ਦੀ ਜੀਵਨ ਯਾਤਰਾ ਪੂਰੀ ਹੋਣ ਪਿਛੋਂ ਗੁਰਬਾਣੀ ਕੀਰਤਨ ਕਰਦੇ ਰਹੇ ਤਾਂ ਮਨ ਨੂੰ ਬੜੀ ਤਸੱਲੀ ਹੋਈ। ਕੀਰਤਨ ਯਾਤਰਾ ਦਾ ਸਿਲਸਿਲਾ ਭਾਰਤ ਵਿਚ

ਨਹੀਂ ਬਦੇਸ਼ਾਂ ਵਿਚ ਹੀ ਚਾਲੂ ਰੱਖਿਆ ਗਿਆ। ਥਾਈਲੈਂਡ, ਲਾਉਸ, ਕਬੋਡੀਆ, ਫਿਲਪਾਈਨਜ਼, ਜਾਪਾਨ, ਕੈਨੇਡਾ, ਯੂ.ਐਸ.ਏ., ਵੈਸਟ ਇੰਡੀਜ਼, ਸਪੇਨ, ਫਰਾਂਸ, ਇੰਗਲੈਂਡ ਹਾਲੈਂਡ, ਜਰਮਨੀ, ਇਟਲੀ ਅਤੇ ਕੁਵੈਤ ਆਦਿ ਦੇਸਾਂ ਵਿਚ ਜਾ ਕੇ ਉਹ ਕੀਰਤਨ ਕਰ ਚੁੱਕੇ ਹਨ।

ਉਹਨਾਂ ਨੇ ਹੁਣ ਦਾਦਾ ਚੇਲਾ ਰਾਮ ਯਾਦਗਾਰੀ ਟਰੱਸਟ ਸਥਾਪਤ ਕੀਤਾ ਹੋਇਆ ਹੈ ਕਿ ਜੋ ਪ੍ਰਕਾਸ਼ਨ ਦਾ ਕੰਮ ਪੂਰੇ ਜ਼ੋਰ ਨਾਲ ਕਰ ਰਿਹਾ ਹੈ ਉਸ ਟਰੱਸਟ ਦਾ ਇਕ ਮੁੱਖ ਕੰਮ ਗੁਰੂ ਗਰੰਥ ਸਾਹਿਬ ਦਾ ਹਿੰਦੀ ਅਨੁਵਾਦ ਕਰਨਾ ਹੈ। ਇਹ ਅਨੁਵਾਦ ਪੰਜ ਸੈਂਚੀਆਂ ਵਿਚ ਪੂਰਾ ਹੋਵੇਗਾ। ਦੋ ਸੈਂਚੀਆ ਪਹਿਲਾਂ ਹੀ ਛਾਪੀਆਂ ਜਾ ਚੁੱਕੀਆਂ ਹਨ। ਤੀਜੀ ਛਪਾਈ ਅਧੀਨ ਹੈ ਅਤੇ ਬਾਕੀ ਦੋਹਾਂ ਦੇ ਅਨੁਵਾਦ ਲਈ ਲਛਮਣ ਚੇਲਾ ਰਾਮ ਯਤਨਸ਼ੀਲ ਹਨ। ਗੁਰੂ ਗਰੰਥ ਸਾਹਿਬ ਦੇ ਸਿਧੀ ਅਨੁਵਾਦ ਦੀ ਛਪਾਈ ਅਜਮੇਰ ਵਿਚ ਹੋ ਰਹੀ ਹੈ। ਇਸੇ ਤਰ੍ਹਾਂ ਪਾਕਿਸਤਾਨ ਵਿਚ ਵੱਸਦੇ ਸਿੰਧੀ ਗੁਰਸਿੱਖਾਂ ਦੀ ਮੰਗ ਤੇ ਸਿੰਧੀ ਵਿਚ ਛਪਵਾਏ ਗਏ ਨਿਤਨੇਮ ਵਿਚ ਜਪੁਜੀ, ਸੁਖਮਣੀ, ਰਹਿਰਾਸ, ਕੀਰਤਨ ਸੋਹਿਲਾ ਅਤੇ ਸਲੋਕ ਮਹਲਾ ਨੌਵਾਂ, ਪੰਜ ਬਾਣੀਆਂ ਸ਼ਾਮਿਲ ਕੀਤੀਆਂ ਗਈਆਂ।

ਦਾਦਾ ਚੇਲਾ ਰਾਮ ਟਰੱਸਟ ਨੇ ਹਿੰਦੀ, ਸਿੰਧੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਗੁਰਬਾਣੀ ਦੇ ਅਨੁਵਾਦ ਕਰਵਾਉਣ ਅਤੇ ਇਹਨਾਂ ਅਨੁਵਾਦਾਂ ਨੂੰ ਪ੍ਰਕਾਸ਼ਿਤ ਕਰਨ ਦਾ ਵਿਸ਼ਾਲ ਕਾਰਜ ਹੱਥ ਵਿਚ ਲਿਆ ਹੈ। ਇਸ ਸਮੇਂ ਉਹ ਜਿਹਨਾਂ ਪ੍ਰਕਾਸ਼ਨਾਂ ਤੇ ਕੰਮ ਆਰੰਭ ਕਰ ਚੁੱਕੇ ਹਨ ਉਹਨਾਂ ਵਿਚ ਜਪੁਜੀ, ਸੁਖਮਣੀ, ਰਹਿਰਾਸ, ਸੋਹਲਾ, ਆਰਤੀ, ਬਾਰਾਂ ਮਾਹ, ਬਾਵਨ ਅੱਖਰੀ ਆਸਾ ਦੀ ਵਾਰ ਅਤੇ ਸਲੋਕ ਮਹਲਾ ਨੌਵਾਂ, ਨੌਂ ਬਾਣੀਆਂ ਦੀ ਹਿੰਦੀ ਅਨੁਵਾਦ 'ਨਵ-ਰਤਨ' ਨਾਂ ਹੇਠ ਛਪਵਾਉਣਾ ਵੀ ਸ਼ਾਮਿਲ ਹੈ। ਇਸ ਤੋਂ ਬਿਨਾਂ ਹਿੰਦੀ, ਅੰਗਰੇਜ਼ੀ ਅਤੇ ਸਿੰਧੀ ਭਾਸ਼ਾਵਾਂ ਵਿਚ ਗੁਰੂ ਗਰੰਥ ਸਾਹਿਬ ਵਿਚੋਂ 400 ਸ਼ਬਦਾਂ ਦੇ ਸੰਗ੍ਰਹਿ ਦਾ ਅਨੁਵਾਦ ਗੁਰੂ ਤੇਗ ਬਹਾਦਰ ਜੀ ਦੇ 116 ਪਾਵਨ ਸ਼ਬਦਾਂ ਦਾ ਹਿੰਦੀ, ਅੰਗਰੇਜ਼ੀ ਅਤੇ ਸਿੰਧੀ ਰੂਪ, ਗੁਰੂ ਗੋਬਿੰਦ ਸਿੰਘ ਜੀ ਰਚਿਤ ਦਸਮ ਗਰੰਥ ਵਿਚੋਂ ਰਾਮ ਅਵਤਾਰ ਅਤੇ ਕ੍ਰਿਸ਼ਨ ਅਵਤਾਰ ਦੋ ਰਚਨਾਵਾਂ ਦਾ ਹਿੰਦੀ ਅਤੇ ਸਿੰਧੀ ਰੂਪ ਛਾਪਣ ਦਾ ਕਾਰਜ ਵੀ ਹੱਥ ਵਿਚ ਲੈ ਲਿਆ ਗਿਆ ਹੈ। ਇਹਨਾਂ ਸਾਰੀਆਂ ਰਚਨਾਵਾਂ ਨੂੰ ਬੜੀਆਂ ਸੁੰਦਰ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਨ ਦਾ ਵਿਚਾਰ ਬਣਾਇਆ ਗਿਆ ਹੈ।

ਵਰਤਮਾਨ ਸਮੇਂ ਵਿਚ, ਜਦੋਂ ਸਿੱਖਾਂ ਦਾ ਆਪਣੀ ਵੱਖਰੀ ਪਹਿਚਾਣ ਸਥਾਪਤ ਕਰਨ ਲਈ ਸੰਘਰਸ਼ ਚੱਲ ਰਿਹਾ ਹੈ, ਉਹਨਾਂ ਸਹਿਜਧਾਰੀ ਸਿੱਖਾਂ ਅਤੇ ਸਿੱਖ ਵਿਚਾਰਧਾਰਾ ਦੇ ਸ਼ਰਧਾਲੂ ਗੈਰ-ਸਿੱਖਾਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ ਜਿਹਨਾਂ ਨੇ ਸਿੱਖ ਧਰਮ ਨਾਲ ਸੰਬੰਧਤ ਗਰੰਥਾਂ ਦੇ ਅਨੁਵਾਦ ਅਤੇ ਪ੍ਰਕਾਸ਼ਨ ਦਾ ਕਾਰਜ ਕਿਸੇ ਵੀ ਨਾਮਧਾਰੀਕ ਪੰਥਕ ਸੰਸਥਾ ਨਾਲੋਂ ਵਧੇਰੇ ਨਿਸ਼ਠਾ ਅਤੇ ਸ਼ਰਧਾ ਨਾਲ ਕਰਨ ਦੇ ਨਿਸ਼ਚਿਤ ਪ੍ਰੋਗਰਾਮ ਉਲੀਕੇ ਹੋਏ ਹਨ।

ਇਸੇ ਤਰ੍ਹਾਂ ਹਿਮਾਲੀਅਨ ਅੰਤਰ-ਰਾਸ਼ਟਰੀ ਯੋਗ ਵਿਗਿਆਨ ਅਤੇ ਦਰਸ਼ਨ ਸੰਸਥਾਨ ਸਿੱਖੀ ਵਿਚਾਰਧਾਰਾ ਅਤੇ ਸਿਖ ਗਰੰਥਾਂ ਨੂੰ ਪ੍ਰਚਾਰਨ ਲਈ ਆਪਣੇ ਢੰਗ ਨਾਲ ਜਤਨ ਕਰ ਰਿਹਾ ਹੈ। ਗੁਰੂ ਗੋਬਿੰਦ ਸਿੰਘ ਅਤ ਬੰਦਾ ਬਹਾਦਰ ਵਿਚਕਾਰ ਹੋਏ ਵਾਰਤਾਲਾਪ ਨੂੰ 'ਅਰਸ਼ੀ ਗੀਤ' ਜਾਂ 'ਸੈਲਸ਼ੀਅਲ' ਨਾ ਹੇਠ, ਦੋ ਸਾਲ ਪਹਿਲਾਂ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਕਰਨ ਪਿਛੋਂ ਇਸ ਸੰਸਥਾ ਨੇ ਜਪੁਜੀ ਸਾਹਿਬ ਅਤੇ ਸੁਖਮਣੀ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਸਵਾਮੀ ਰਾਮ ਜੀ ਪਾਸੋਂ ਕਰਵਾਇਆ ਹੈ। ਉਪਰੋਕਤ ਪ੍ਰਕਾਸ਼ਨਾਂ ਤੋਂ ਬਿਨਾਂ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਮੱਤ ਦੀ ਵਿਚਾਰਧਾਰਾ ਅਤੇ ਦਰਸ਼ਨ ਨਾਵਾਂ ਦੀਆਂ ਪੁਸਤਕਾਂ ਵੀ ਵਿਸ਼ੇਸ਼ ਰੂਪ ਵਿਚ ਪ੍ਰਕਾਸ਼ਿਤ ਕੀਤੀਆਂ ਹਨ। ਇਹ ਵੀ ਪਤਾ ਲੱਗਾ ਹੈ ਕਿ ਸਵਾਮੀ ਰਾਮ ਜੀ ਨੇ ਨਿਤਨੇਮ ਦੀਆਂ ਬਾਣੀਆਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਛਪਣ ਲਈ ਦਿੱਤਾ ਹੋਇਆ ਹੈ।

ਨੋਟ :—ਪਿਛੇ ਜਿਹੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਾਦਾ ਲਛਮਣ ਚੇਲਾ ਰਾਮ ਜੀ ਨੂੰ ਉਹਨਾਂ ਦੀਆਂ ਸੇਵਾਵਾਂ ਲਈ ਸਨਮਾਨਿਆ ਗਿਆ ਹੈ।

— ਸੰਪਾਦਕ

# ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕੀਰਤਨੀਏ ਰਬਾਬੀ ਤੇ ਰਾਗੀ

ਸਿੰਘ ਸਾਹਿਬ ਗਿ: ਕਿਰਪਾਲ ਸਿੰਘ★

ਕੀਰਤਨ—

ਸੰਸਕ੍ਰਿਤ ਭਾਸ਼ਾ ਵਿਚ ਕੀਰਤਨ ਦਾ ਅਰਥ ਕਥਨ ਜਾਂ ਵਿਆਖਿਆਨ ਹੈ। ਪਰ ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ ਕੀਰਤਨ ਹੈ। ਸਿੱਖ ਧਰਮ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੇ ਪ੍ਰਮਾਣੀਕ ਬਾਣੀਆਂ ਦਾ ਸੁਰ, ਲਯ ਤੇ ਤਾਲ ਸਹਿਤ ਰਾਗਾਂ ਵਿਚ ਗਾਇਨ ਕਰਨਾ ਕੀਰਤਨ ਅਖਵਾਉਂਦਾ ਹੈ। ਵਾਹਿਗੁਰੂ ਨਾਮ ਦੇ ਸਿਮਰਨ ਨੂੰ ਵੀ ਕੀਰਤਨ ਕਿਹਾ ਹੈ—

"ਕੀਰਤਨ ਨਾਮੁ ਸਿਮਰਤ ਰਹਉ,
ਜਬ ਲਗੁ ਘਟਿ ਸਾਸੁ ॥"

(ਬਿਲਾਵਲ ਮ: ੫, ਪੰਨਾ ੮੧੮)

"ਚੀਤਿ ਆਵੈ ਸਦ ਕੀਰਤਨੁ ਕਰਤਾ ॥" (ਪੰਨਾ ੧੧੪੧)

ਅਰਥਾਤ ਜਿਸ ਨੂੰ ਵਾਹਿਗੁਰੂ ਚੇਤੇ ਆਉਂਦਾ ਹੈ ਸਮਝੋ ਉਹ ਸਦਾ ਹੀ ਕੀਰਤਨ ਕਰਦਾ ਹੈ।

ਗੁਰਬਾਣੀ ਵਿਚ ਇਸ ਕੀ ਰਤਨ ਨੂੰ ਨਿਰਮੋਲਕ ਹੀਰਾ ਅਤੇ ਅਨੰਦ ਤੇ ਗੁਣਾਂ ਦੇ ਸਮੁੰਦਰ ਨਾਲ ਤਸ਼ਬੀਹ ਦਿੱਤੀ ਹੈ—

ਕੀਰਤਨੁ ਨਿਰਮੋਲਕ ਹੀਰਾ ॥
ਆਨੰਦ ਗੁਣੀ ਗਹੀਰਾ ॥ (ਪੰਨਾ ੮੯੩)

ਵਿਛੜੀਆਂ ਹੋਈਆਂ ਰੂਹਾਂ ਨੂੰ ਮੇਲਣ ਤੇ ਟੁੱਟੀਆਂ ਹੋਈਆਂ ਸੁਰਤਾਂ ਨੂੰ ਜੋੜਨ ਦਾ ਸਭ ਤੋਂ ਉੱਤਮ ਸਾਧਨ ਕੀਰਤਨ ਹੀ ਹੈ—

"ਜੋਗ ਬਨਿਆ ਤੇਰਾ ਕੀਰਤਨੁ ਗਾਈ ॥" (ਪੰਨਾ ੩੯੫)

ਮਨੁੱਖੀ ਸੁਰਤਿ ਨੂੰ ਸੋਚ ਦੇ ਮੰਡਲਾਂ 'ਚੋਂ ਕੱਢ ਕੇ ਆਤਮਕ ਮੰਡਲਾਂ ਵਿਚ ਲੈ ਜਾਣਾ ਕੀਰਤਨ ਦਾ ਹੀ ਕੰਮ ਹੈ। ਸੰਸਾਰ ਵਿਚਲੇ ਚੁਰਾਸੀ ਜੂਨਾਂ ਦੇ ਚੱਕਰਾਂ 'ਚੋਂ ਕੱਢ ਕੇ ਜੀਵਨ ਦਾ ਉਧਾਰ ਕਰਤਾ ਕੀਰਤਨ ਹੀ ਹੈ—

---

★ ਸਾਬਕ ਹੈੱਡ ਗਰੰਥੀ ਸ੍ਰੀ ਦਰਬਾਰ ਸਾਹਿਬ।

"ਨਾਨਕੁ ਕਹੈ ਸੁਨਿ ਰੇ ਮਨਾ,
ਕਰਿ ਕੀਰਤਨੁ ਹੋਇ ਉਧਾਰ ॥" (ਪੰਨਾ ੨੧੪)

ਸਦਾ ਕੀਰਤਨ ਸੁਣਨ ਦੇ ਚਾਹਵਾਨ ਜਗਿਆਸੂ ਗੁਰਮੁਖਿ ਮਿੱਤਰਾਂ ਪਾਸ ਬੇਨਤੀ ਕਰਦੇ ਹਨ—

ਸੋ ਅਸਥਾਨ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ (ਪੰਨਾ ੩੯੫)

ਅਰਥਾਤ ਹੇ ਮਿੱਤਰ ਗੁਰਮੁਖ ਜਨੋ ! ਮੈਨੂੰ ਉਹ ਅਸਥਾਨ ਦੱਸੋ ਜਿਥੇ ਹਰਿ ਹਰਿ ਦਾ ਨਿਤ ਭਾਵ ਹਮੇਸ਼ ਕੀਰਤਨ ਹੁੰਦਾ ਹੋਵੇ। ਗੁਰਮੁਖਾਂ ਵਲੋਂ ਉੱਤਰ ਹੈ ਕਿ—

ਸਾਧਸੰਗਿ ਹਰਿ ਕੀਰਤਨੁ ਗਾਈਐ ॥
ਇਹ ਅਸਥਾਨੁ ਗੁਰੂ ਤੇ ਪਾਈਐ ॥ (ਪੰਨਾ ੩੯੫)

ਅਰਥਾਤ ਉਹ ਅਸਥਾਨ ਗੁਰੂ ਕੀ ਸਾਧ ਸੰਗਤ ਹੈ, ਜਿਥੇ ਕੀਰਤਨ ਗਾਈਦਾ ਹੈ ਪਰ ਇਹ ਅਸਥਾਨ ਗੁਰੂ ਤੋਂ ਪਾਈਦਾ ਹੈ ਕੀਰਤਨ ਅਸਥਾਨ ਨੂੰ ਗੁਰੂ ਜੀ ਬੈਕੁੰਠ ਦਾ ਦਰਜਾ ਦੇਂਦੇ ਹਨ—

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ,
ਤੂੰ ਆਪੇ ਸਰਧਾ ਲਾਇਹਿ ॥

(ਸੂਹੀ ਮਹਲਾ ੫, ਪੰਨਾ ੭੪੯

ਕਲਿਜੁਗ ਦੇ ਭਿਆਨਕ ਸਮੇਂ ਵਿਚ ਕੀਰਤਨ ਨੂੰ ਸਾਰੇ ਸਾਧਨਾਂ 'ਚੋਂ ਪ੍ਰਧਾਨ ਮੰਨਿਆ ਹੈ—

ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ,
ਹਰਿ ਦਰਗਹਿ ਪਤਿ ਸਿਉ ਜਾਇਦਾ ॥ (ਪੰਨਾ ੧੦੭੫)

ਵਾਹਿਗੁਰੂ ਮਿਲਾਪ ਦੇ ਸਾਰੇ ਕਰਮਾਂ ਵਿਚੋਂ ਸ੍ਰੇਸ਼ਟ ਕਰਮ ਸਾਧ ਸੰਗਤ ਦੁਆਰਾ ਹਰੀ ਦਾ ਕੀਰਤਨ ਕਰਨਾ ਹੀ ਹੈ—

ਹਰਿ ਕੀਰਤਿ ਸਾਧਸੰਗਤਿ ਹੈ,
ਸਿਰਿ ਕਰਮਨ ਕੈ ਕਰਮਾ ॥ (ਪੰਨਾ ੬੪੨)

ਗੁਰੂ ਜੀ ਕਹਿੰਦੇ ਹਨ, ਕਿ ਮੇਰਾ ਮਨ ਉਥੇ ਲੱਗਦਾ ਹੈ, ਜਿਥੇ ਹੇ ਵਾਹਿਗੁਰੂ ਤੇਰੇ ਰੰਗ ਵਿਚ ਰੱਤਾ ਤੇਰਾ ਸਾਧੂ ਕੀਰਤਨ ਗਾ ਰਿਹਾ ਹੋਵੇ—

ਜਹ ਕੀਰਤਨੁ ਤੇਰਾ ਸਾਧੂ ਗਾਵਹਿ,
ਤਹ ਮੇਰਾ ਮਨੁ ਲਾਗੈ ॥ (ਪੰਨਾ ੬੧੦)

# ਕੀਰਤਨ ਦਾ ਫਲ

ਕੀਰਤਨ ਦਾ ਫਲ ਵਰਣਨ ਕਰਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ, ਕਿ ਕੀਰਤਨ ਕਰਨ ਵਾਲੇ ਨੂੰ ਜ਼ਮਦੂਤ ਵੀ ਪੋਹ ਨਹੀ ਸਕਦੇ—

ਜੋ ਜਨੁ ਕਰੇ ਕੀਰਤਨੁ ਗੋਪਾਲ ॥
ਤਿਸ ਕਉ ਪੋਹਿ ਨਾ ਸਕੈ ਜਮਕਾਲੁ ॥ (ਪੰਨਾ ੮੬੭

ਹਰੀ ਦੇ ਕੀਰਤਨ ਵਿਚ ਪ੍ਰਵੇਸ਼ ਕਰਦਿਆਂ ਹੀ ਮੌਤ ਖਤਮ ਹੋ ਜਾਂਦੀ ਹੈ ਤੇ ਜਮਦੂਤ ਪਾਸੋਂ ਛੁਟਕਾਰਾ ਮਿਲ ਜਾਂਦਾ ਹੈ—

ਮੀਚੁ ਹੁਟੈ ਜਮ ਤੇ ਛੁਟੈ,
ਹਰਿ ਕੀਰਤਨ ਪਰਵੇਸ ॥ (ਪੰਨਾ ੨੯੭)

ਲਗਾਤਾਰ ਕੀਰਤਨ ਕਰਨ ਵਾਲੇ ਨੂੰ ਮੁੜ ਕੇ ਜਨਮਾਂ ਵਿਚ ਨਹੀਂ ਪਾਇਆ ਜਾਂਦਾ—

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥ (ਪੰਨਾ ੬੨੪)

ਕੀਰਤਨ ਕਰਨ ਤੇ ਸੁਣਨ ਵਾਲੇ ਦੀ ਖੋਟੀ ਮਤਿ ਨਾਸ ਹੋ ਜਾਂਦੀ ਹੈ। ਸਾਰੇ ਮਨੋਰਥ ਪਾ ਲੈਂਦਾ ਹੈ ਤੇ ਆਸਾ ਪੂਰੀ ਹੋ ਜਾਂਦੀ ਹੈ—

ਜੋ ਜੋ ਕਥੈ ਸੁਨੈ ਹਰਿ ਕੀਰਤਨੁ,
ਤਾ ਕੀ ਦੁਰਮਤਿ ਨਾਸ ॥
ਸਗਲ ਮਨੋਰਥ ਪਾਵੈ ਨਾਨਕ,
ਪੂਰਨ ਹੋਵੈ ਆਸ ॥ (ਪੰਨਾ ੧੩੦੦)

ਧਰਮ ਰਾਜਾ ਜਮਦੂਤਾਂ ਨੂੰ ਇਹ ਤਾੜਨਾ ਕਰ ਰਿਹਾ ਹੈ ਕਿ ਜਿਥੇ ਸਾਧੂ ਗੋਬਿੰਦ ਦਾ ਭਜਨ ਕਰ ਰਹੇ ਤੇ ਜਿਥੇ ਨਿੱਤ ਕੀਰਤਨ ਹੁੰਦਾ ਹੋਵੇ ਤੁਸਾਂ ਉਸ ਅਸਥਾਨ ਦੇ ਨੇੜੇ ਨਹੀਂ ਜਾਣਾ। ਜੇਕਰ ਤੁਸੀਂ ਕਦੇ ਕਦਾਈਂ ਭੁੱਲ ਕੇ ਵੀ ਉਥੇ ਗਏ ਤਾਂ ਫਿਰ ਨਾਂ ਮੈਂ, ਨਾ ਤੁਸੀਂ ਛੁੱਟ ਨਹੀਂ ਸਕੋਗ, ਹਰ ਹਾਲਤ ਵਿਚ ਦੋਸ਼ੀ ਬਣ ਕੇ ਸਜ਼ਾ ਪਾਉਗ। ਹਜ਼ੂਰ ਦਾ ਮਹਾਂਵਾਕ ਹੈ—'

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥
(ਪੰਨਾ ੨੫੬)

ਪਖੰਡ ਸਹਿਤ ਕੀਤੇ ਕਰਮਾਂ ਧਰਮਾਂ ਨੂੰ ਤਾਂ ਜਮ ਜਾਗਾਤੀਏ ਪ੍ਰਲੋਕ ਦੇ ਰਾਹ ਵਿਚ ਹੀ ਲੁੱਟ ਲੈਂਦੇ ਹਨ। ਇਸ ਲਈ ਕਰਤਾ ਪੁਰਖ ਦਾ ਨਿਰਬਾਣ ਕੀਰਤਨ ਗਾਉ. ਤਾਂ ਕਿ ਨਿਮਖ ਮਾਤ੍ਰ ਸਿਮਰਨ ਕਰਨ ਨਾਲ ਹੀ ਛੁਟਕਾਰਾ ਹੋ ਜਾਵੇਗਾ—

ਕਰਮ ਧਰਮ ਪਾਖੰਡ ਜੋ ਦੀਸਹਿ,
ਤਿਨ ਜਮੁ ਜਾਗਾਤੀ ਲੂਟੈ ॥

ਨਿਰਬਾਣ ਸਿਮਰਤ ਜਿਤੁ ਛੂਟੈ ॥ (ਪੰਨਾ ੭੪੭)

ਸ੍ਰੀ ਗੁਰੂ ਗਰੰਥ ਸਾਹਿਬ ਜੀ ਸੰਗੀਤ ਵਿਚ ਉਚਰੀ ਹੋਈ ਅੰਮ੍ਰਿਤ ਬਾਣੀ ਦਾ ਭੰਡਾਰ ਹਨ। ਕੀਰਤਨ ਗੁਰਸਿੱਖਾਂ ਦਾ ਜੀਵਨ ਅਧਾਰ ਹੈ। ਕੀਰਤਨ ਹੀ ਬੇਗਮਪੁਰੇ ਸ਼ਹਿਰ ਵਿਚ ਅਪੜਾਣ ਦਾ ਜ਼ਾਮਨ ਹੈ। ਗੁਰਸਿੱਖ ਸਾਧਕ ਕੀਰਤਨ ਰਾਹੀਂ ਹੀ ਅਖੰਡ ਸਮਾਧੀ ਵਿਚ ਲਿਵਲੀਨ ਹੁੰਦੇ ਹਨ ਅਤੇ ਹਮੇਸ਼ਾ ਵਿਸਮਾਦ ਰੰਗ ਵਿਚ ਰੰਗੇ ਰਹਿੰਦੇ ਹਨ।

ਕੀਰਤਨੀਏ ਲਈ ਗੁਰੂ ਸਾਹਿਬ ਜੀ ਦੀ ਇਹ ਹਦਾਇਤ ਸਦਾ ਯਾਦ ਰੱਖਣੀ ਚਾਹੀਦੀ ਹੈ—

ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥੧॥ (ਪੰ: ੮੮੫)

ਅਰਥਾਤ—ਹੇ ਕੀਰਤਨੀਆ ! ਤੂੰ ਚੰਗੇ ਤੋਂ ਚੰਗਾ ਕੀਰਤਨੀਆ ਤਾਂ ਹੀ ਅਖਵਾ ਸਕਦਾ ਹੈ ਜੇ ਤੂੰ ਸਰਬ-ਵਿਆਪਕ ਰਾਮ ਦੇ ਗੁਣਾਂ ਦਾ ਗਾਇਨ ਕਰੇਂ ਤੇ ਹੋਰ ਮਾਇਆ ਦੇ ਦੇ ਧੰਧੇ ਤੇ ਪ੍ਰਜਨ ਛੱਡ ਦੇਵੇਂ।

## ਕੀਰਤਨ ਦੀ ਪ੍ਰਥਾ—

ਗੁਰਬਾਣੀ ਦੇ ਕੀਰਤਨ ਦੀ ਪ੍ਰਥਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਰੰਭ ਕੀਤੀ। ਸਭ ਤੋਂ ਪਹਿਲਾਂ ਰਬਾਬੀ ਭਾਈ ਮਰਦਾਨੇ ਨੂੰ ਚੁਣਿਆ। ਭਾਈ ਮਰਦਾਨਾ ਆਪਣੀ ਜ਼ਿੰਦਗੀ ਦੇ ਅੰਤਲੇ ਪਲਾਂ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਰਬਾਬ ਰਾਹੀਂ ਕੀਰਤਨ ਕਰਕੇ ਸਤਿਗੁਰਾਂ ਤੇ ਸੰਗਤ ਨੂੰ ਨਿਹਾਲ ਕਰਦਾ ਰਿਹਾ ਚਹੁੰ ਉਦਾਸੀਆਂ ਦੇ ਸਮੇਂ ਵੀ ਹਮੇਸ਼ਾਂ ਸਤਿਗੁਰਾਂ ਦੇ ਨਾਲ ਰਿਹਾ। ਸਲੋਕ ਮਰਦਾਨਾ ਨਾਮ ਨਾਲ ਦੋ ਸਲੋਕ ਬਿਹਾਗੜੇ ਦੀ ਵਾਰ ਵਿਚ ਸ੍ਰੀ ਗੁਰੂ ਗਰੰਥ ਸਹਿਬ ਦੇ ਪੰਨਾ ੫੫੩ ਉਪਰ ਅੰਕਤ ਹਨ। ਉਸ ਦੇ ਸਰੀਰ ਤਿਆਗਣ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਜ਼ੂਰ ਮਰਦਾਨੇ ਦੇ ਸ਼ਾਗਿਰਦ ਭਾਈ ਬਾਦੂ ਤੇ ਭਾਈ ਸਾਦੂ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਾ ਕੇ ਸਤਿਗੁਰਾਂ ਤੇ ਸੰਗਤਾਂ ਨੂੰ ਪ੍ਰਸੰਨ ਕਰਦੇ ਰਹੇ। (ਦੇਖੋ, ਤਵਾਰੀਖ ਗੁਰੂ ਖਾਲਸਾ, ਛਾਪਾ ਪੱਥਰ, ਕ੍ਰਿਤ ਗਿਆਨੀ ਗਿਆਨ ਸਿੰਘ, ਭਾਗ ਪਹਿਲਾ, ਪੰਨਾ ੧੭੬) ਭਾਈ ਸਾਦੂ ਤੇ ਭਾਈ ਬਾਦੂ ਦੋਵੇਂ ਰਬਾਬੀ, ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਵੀ ਕੀਰਤਨ ਰਾਹੀਂ ਗੁਰੂ ਸਾਹਿਬ ਅਤੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। (ਦੇਖੋ ਤਵਾਰੀਖ ਗੁਰੂ ਖਾਲਸਾ, ਉਕਤ ਪੰਨਾ ੧੭੯) ਫਿਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦਵ ਜੀ ਦੇ ਸਮੇਂ ਭਾਈ ਸਾਦੂ ਤੇ ਭਾਈ ਬਾਦੂ ਦੇ ਪੁੱਤਰ ਸੱਤਾ ਤੇ ਬਲਵੰਡ ਕੀਰਤਨ ਦੀ ਸੇਵਾ ਕਰਦੇ ਰਹੇ (ਦੇਖੋ ਤਵਾਰੀਖ ਗੁਰੂ ਖਾਲਸਾ, ਉਕਤ ਦਾ ਪੰਨਾ ੧੯੪)।

ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਵਿਚ ਲਿਖਿਆ ਹੈ, ਕਿ ਸ੍ਰੀ ਗੁਰੂ

ਅੰਗਦ ਦੇਵ, ਸ੍ਰੀ ਗੁਰੂ ਅਮਰਦਾਸ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਬਲਵੰਡ ਤੇ ਸੱਤਾ ਮਿਲ ਕੇ ਕੀਰਤਨ ਕਰਦੇ ਸਨ। ਭਾਈ ਸੰਤੋਖ ਸਿੰਘ ਜੀ ਨੇ ਸੱਤਾ ਤੇ ਬਲਵੰਡ ਭਾਈ ਲਿਖੇ ਹਨ। ਜਿਵੇਂ—

ਹੁਤੋ ਡੂਮ ਬਲਵੰਡ ਮਹਾਨਾ।
ਸੱਤਾ ਤਿਸ ਕੋ ਅਨੁਜ ਸੁਜਾਨਾ।
(ਦੇਖੋ, ਗੁਰੂ ਪ੍ਰਤਾਪ ਸੂ:, ੪੩)

ਪਰ ਬਾਵਾ ਕ੍ਰਿਪਾਲ ਸਿੰਘ ਭੱਲਾ ਕ੍ਰਿਤ 'ਮਹਿਮਾ ਪ੍ਰਕਾਸ਼' ਜੋ ਸੰਮਤ ੧੮੫੭ ਬਿ: ਵਿਚ ਲਿਖਿਆ ਗਿਆ ਹੈ, ਸੱਤੇ ਨੂੰ ਬਲਵੰਡ ਦਾ ਪੁੱਤਰ ਲਿਖਦਾ ਹੈ, ਜਿਵੇਂ ਕਿ—

ਬਲਵੰਡ ਪੁੱਤਰ ਸੱਤਾ ਤਹਿ ਆਈ।
ਆਨ ਹਜ਼ੂਰ ਰਬਾਬ ਵਜਾਇ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਭ ਤੋਂ ਪਹਿਲਾਂ ਕੀਰਤਨ ਕਰਨ ਵਾਲੇ ਦੋ ਰਬਾਬੀ ਸੱਤਾ ਦੇ ਬਲਵੰਡ ਸਨ ਜੋ ਕਾਫੀ ਸਮਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹਜ਼ੂਰ ਕੀਰਤਨ ਕਰਦੇ ਰਹੇ। ਉਨ੍ਹਾਂ ਦੇ ਹੰਕਾਰੀ ਹੋ ਜਾਣ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗੁਰਸਿੱਖਾਂ ਨੂੰ ਕੀਰਤਨ ਕਰਨ ਦੀ ਬਖਸ਼ਸ਼ ਕੀਤੀ। ਪਰਉਪਕਾਰੀ ਭਾਈ ਲੱਧਾ ਜੀ ਲਾਹੌਰ ਨਿਵਾਸੀ ਦੀ ਸਿਫਾਰਸ਼ ਤੇ ਜਦ ਸਤਿਗੁਰਾਂ ਨੇ ਸੱਤੇ ਤੇ ਬਲਵੰਡ ਨੂੰ ਬਖਸ਼ ਦਿਤਾ ਤਦ ਉਹ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਨ ਲੱਗ ਪਏ। ਉਨ੍ਹਾਂ ਵਲੋਂ ਪੰਜਾਂ ਸਤਿਗੁਰਾਂ ਦੀ ਉਸਤਤਿ ਵਿਚ ਉਚਾਰੀ ਰਾਮਕਲੀ ਰਾਗ ਦੀ ਵਾਰ ਜਿਸ ਦੀਆਂ ਅੱਠ ਪਉੜੀਆਂ ਹਨ, ਗੁਰੂ ਅਰਜਨ ਦਵ ਜੀ ਨੇ ਸ੍ਰੀ ਗਰੂ ਗਰੰਥ ਸਾਹਿਬ ਵਿਚ ਦਰਜ ਕੀਤੀ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਭਾਈ ਬਾਬਕ ਰਬਾਬੀ ਜੋ ਢਾਡੀ ਬਣਕੇ ਸ੍ਰੀ ਅਕਾਲ ਤਖਤ ਸਾਹਮਣੇ ਸੂਰਮਿਆਂ ਦੀਆਂ ਵਾਰਾਂ ਗਾ ਕੇ ਸਤਿਗੁਰਾਂ ਤੇ ਸੰਗਤਾਂ ਨੂੰ ਸੁਣਾਉਂਦਾ ਰਿਹਾ। ਕਈ ਲੇਖਕਾਂ ਦਾ ਖਿਆਲ ਹੈ ਕਿ ਭਾਈ ਬਾਬਕ ਕਈ ਸਾਲ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਕੀਰਤਨ ਕਰਦਾ ਰਿਹਾ ਹੈ। ਇਤਿਹਾਸ ਅਨੁਸਾਰ, ਇਸ ਨੇ ਅੰਮ੍ਰਿਤਸਰ ਦੀ 1691 ਬਿ. ਵਾਲੀ ਜੰਗ ਵਿਚ ਬਤੌਰ ਇਕ ਸ਼ਸਤ੍ਰਧਾਰੀ ਸੂਰਮੇ ਦੇ ਭਾਗ ਲਿਆ ਤੇ ਕੀਰਤਪੁਰ ਵਿਖੇ 1697 ਬਿ: ਨੂੰ ਬਾਬਕ ਦਾ ਦਿਹਾਂਤ ਹੋ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਪ੍ਰਸਿੱਧ ਢਾਡੀ ਭਾਈ ਅਬਦੁੱਲਾ ਤੇ ਭਾਈ ਨੱਥਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਯੋਧਿਆਂ ਦੀਆਂ ਵਾਰਾਂ ਗਾ ਕੇ ਸੁਨਾਣ ਲਈ ਨੌਕਰ ਰੱਖ ਲਿਆ ਸੀ। ਅਬਦੁੱਲਾਂ ਦਾ ਅਸਲ ਨਾਮ ਮੀਰ ਅਬਦੁੱਲਾ ਸੀ ਤੇ ਇਹ ਪਿੰਡ ਸੁਰ ਸਿੰਘ ਜ਼ਿਲਾ ਅੰਮ੍ਰਿਤਸਰ ਦਾ ਜੰਮ-ਪਲ ਸੀ ਤੇ ਰਬਾਬ ਵਜਾਉਣ ਵਿਚ ਬੜਾ ਮਾਹਰ ਸੀ। ਇਸਦਾ ਸਾਥੀ ਨੱਥਾ ਜਿਸਦਾ ਅਸਲ ਨਾਮ ਨੱਥ ਮਲ ਸੀ ਉਸਦੇ ਖਾਨਦਾਨ ਵਿਚੋਂ ਨੌਵੀਂ ਪੀੜ੍ਹੀ ਭਾਈ ਫੱਤੇ ਦੇ ਕਹਿਣ ਅਨੁਸਾਰ ਭਾਈ ਅਬਦੁਲ ਤੇ ਨਥ ਮਲ ਦੋਵੇਂ ਮਾਸੀ ਦੇ ਪੁੱਤਰ ਭਰਾ ਸਨ। ਨਥ ਮਲ ਗੁਰੂ ਗੋਬਿੰਦ ਸਿੰਘ ਜੀ ਤੱਕ ਜਿੰਦਾ ਰਿਹਾ। ਨਦੇੜ

ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਉਥੇ ਸਤਿਗੁਰਾਂ ਕੋਲ ਸੀ (ਦੇਖੋ ਅਮਰਨਾਮਾ ਸੰਪਾਦਤ ਡਾ: ਗੰਡਾ ਸਿੰਘ) ਭਾਈ ਨੱਥਾ ਸੁਲਤਾਨਵਿੰਡ ਪਿੰਡ ਦਾ ਸੀ ਜੋ ਅੰਮ੍ਰਿਤਸਰ ਦੇ ਬਿਲਕੁਲ ਨਾਲ ਹੀ ਹੈ। ਇਹ ਢਡ ਵਜ ਉਣ ਵਿਚ ਉਸਤਾਦ ਸੀ। ਇਹ ਦੋਨੋਂ ਆਪਣੇ ਸਮੇਂ ਵਿਚ ਬਹੁਤ ਪ੍ਰਸਿੱਧ ਢਾਡੀ ਸਨ। ਇਹ ਦੋਨੋਂ ਜਿਥੇ ਸੂਰਮਿਆਂ ਦੀਆਂ ਵਾਰਾਂ ਗਾਕੇ ਯੋਧਿਆਂ ਵਿਚ ਬੀਰ-ਰਸ ਭਰਦੇ ਸਨ ਉਥੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੁਰਬਾਣੀ ਦੇ ਕੀਰਤਨ ਰਾਹੀਂ ਸਰੋਤਿਆਂ ਦੀਆਂ ਸੁਰਤਾਂ ਨੂੰ ਅਕਾਲ ਪੁਰਖ ਨਾਲ ਜੜਦੇ ਸਨ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜਦ 1691 ਬਿ: ਦੀ ਅੰਮ੍ਰਿਤਸਰ ਜੰਗ ਤੋਂ ਬਾਅਦ ਕੀਰਤਪੁਰ ਚਲੇ ਗਏ ਤਾਂ ਪਿਛੋਂ ਦਿਲੀ ਦੀ ਕੇਂਦਰੀ ਸਰਕਾਰ ਦੀ ਮਦਦ ਨਾਲ ਪ੍ਰਿਥੀ ਚੰਦ ਦੇ ਸਪੁਤਰ ਮਿਹਰਵਾਨ (ਜਿਸਦਾ ਅਸਲ ਨਾਮ ਮਨੋਹਰ ਦਾਸ ਸੀ) ਨੇ ਸ੍ਰੀ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਸਾਰਾ ਪ੍ਰਬੰਧ ਸੰਭਾਲ ਲਿਆ ਤੇ ਉਸਦੇ ਦੇਹਾਂਤ 1696 ਬਿ. ਤੋਂ ਬਾਅਦ ਉਸ ਦੇ ਪੁਤਰ ਹਰਿ ਜੀ ਨੇ ਪਰਬੰਧ ਉਪਰ ਕਬਜ਼ਾ ਕਰ ਲਿਆ। ਕਬਜ਼ਾ ਇਹ ਹਰਿ ਜੀ ਦੇ ਦੇਹਾਂਤ 1753 ਬਿ: ਤੱਕ ਕਾਇਮ ਰਿਹਾ। ਇਹਨਾਂ ਦੋਹਾਂ ਮਿਹਰਵਾਨ ਅਤੇ ਹਰਿ ਜੀ ਦੇ ਪਰਬੰਧ ਸਮੇਂ ਕੌਣ ਰਾਗੀ ਜਾਂ ਰਬਾਬੀ ਅੰਦਰ ਕੀਰਤਨ ਕਰਦੇ ਰਹੇ ਕਿਸੇ ਲਿਖਤ ਵਿਚ ਜ਼ਿਕਰ ਹੁਣ ਤੱਕ ਸਾਨੂੰ ਨਹੀਂ ਮਿਲਿਆ।

ਸ੍ਰੀ ਅੰਮ੍ਰਿਤਸਰ ਦੀ ਸੰਗਤ ਦੀ ਬੇਨਤੀ ਮੰਨ ਕੇ ੧੭੫੬ ਬਿ: ਦੀ ਵਿਸਾਖੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਆ ਕੇ ਸਾਰਾ ਪ੍ਰਬੰਧ ਗੁਰਮਤਿ ਆਸ਼ ਅਨੁਸਾਰ ਅਰੰਭ ਕੀਤਾ ਤੇ ਲਗਾਤਾਰ ਕੀਰਤਨ ਹੋਣ ਲੱਗਾ। ਪਰ ਇਸ ਸਮੇਂ ਦੇ ਰਬਾਬੀਆਂ ਬਾਰੇ ਜ਼ਿਕਰ ਵੀ ਕਿਤੇ ਨਹੀਂ ਮਿਲਦਾ। ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਗਰੰਥ ਵਿਚ ਲਿਖਿਆ ਹੈ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਵਿਚ ਭਾਈ ਸੱਦੂ ਤੇ ਭਾਈ ਮੱਦੂ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਸਨ—

ਸੱਦ ਮੱਦੂ ਆਸਾ ਵਾਰ। ਕੀਰਤਨ ਕਰਤੇ ਰਾਗੁ ਸੁਧਾਰ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੇ ਗੁਰਮੁਖ ਤੇ ਸੰਤੋਖੀ ਰਾਗੀ ਸਿੰਘ ਭਾਈ ਮਨਸ਼ਾ ਸਿੰਘ ਬਾਰੇ ਜ਼ਿਕਰ ਮਿਲਦਾ ਹੈ ਕਿ ਉਸ ਨੂੰ ਮਹਾਰਾਜਾ ਸਾਹਿਬ ਨੇ ਮਾਇਆ, ਜਾਗੀਰ ਤੇ ਹੋਰ ਸਹੂਲਤਾਂ ਦੇਣੀਆਂ ਚਾਹੀਆਂ ਤਾਂ ਉਸ ਨੇ ਉਪਰੋਕਤ ਸਹੂਲਤਾਂ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਤੇ ਕਿਹਾ, ਕਿ ਜੇ ਮੈਨੂੰ ਕੁਝ ਦੇਣਾ ਹੋਵੇਗਾ ਤਾਂ ਉਹ ਗੁਰੂ ਰਾਮਦਾਸ ਜੀ ਮਹਾਰਾਜ ਹੀ ਬਖਸ਼ਸ਼ ਕਰਨਗੇ ਜਿਹਨਾਂ ਦੇ ਦਰਬਾਰ ਦਾ ਮੈਂ ਕੀਰਤਨੀਆਂ ਹਾਂ। ਉਹਨਾਂ ਤੋਂ ਬਾਅਦ ਬਾਬਾ ਸ਼ਾਮ ਸਿੰਘ ਜੀ ਅੱਡਣ ਸ਼ਾਹੀ ਡੇਰਾ ਆਟਾ ਮੰਡੀ ਦਾ ਉਹਨਾਂ ਤੋਂ ਬਾਅਦ ਬਾਬਾ ਸ਼ਾਮ ਸਿੰਘ ਜੀ ਅੱਡਣ ਸ਼ਾਹੀ ਡੇਰਾ ਆਟਾ ਮੰਡੀ ਦਾ ਜ਼ਿਕਰ ਆਉਂਦਾ ਹੈ, ਕਿ ਉਹ ਆਸਾ ਜੀ ਦੀ ਵਾਰ ਤੋਂ ਪਹਿਲਾਂ ਕਿਵਾੜ ਖੁਲ੍ਹਣ ਸਾਰ ਹੀ ਸਰੰਦੇ ਨਾਲ ਇਕ ਘੰਟਾ ਪ੍ਰੇਮ ਨਾਲ ਬਿਨਾਂ ਕਿਸੇ ਇਵਜ਼ਾਨੇ ਰੱਬੀ ਰੰਗ ਵਿਚ ਰੰਗੀਜ ਕੇ ਕੀਰਤਨ ਕਰਦੇ ਸਨ। ਪੂਰੇ ੭੦ ਸਾਲ ਉਹ ਇਸ ਪ੍ਰੇਮ ਚੌਕੀ ਰਾਹੀਂ

ਸੰਗਤਾਂ ਨੂੰ ਕੀਰਤਨ ਸ੍ਰਵਣ ਕਰਾਉਂਦੇ ਰਹੇ ਉਹਨਾਂ ਦਾ ਜਨਮ ੧੯੦੩ ਈ: ਤੇ ਦੇਹਾਂਤ ੧੯੨੬ ਈ: ਨੂੰ ਹੋਇਆ। ੧੯੨੩ ਈ: 'ਚ ਹੋਈ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਦੇ ਅਰੰਭ ਸਮੇਂ ਉਹ ਪੰਜਾਂ ਪਿਆਰਿਆਂ ਵਿਚ ਮੁਖੀ ਸਨ।

'ਦਸਤੂਰਉਲ ਅਮਲ ਸ੍ਰੀ ਦਰਬਾਰ ਸਾਹਿਬ' ਨਾਮ ਦੀ ਉਰਦੂ ਵਿਚ ਛਪੀ ਪੁਸਤਕ ਜੋ ੧੯੨੬ ਤੋਂ ੧੯੪੦ ਬਿਕ੍ਰਮੀ ਦੇ ਦਰਮਿਆਨ ਲਿਖੀ ਗਈ ਵਿਚ ਲਿਖਿਆ ਹੈ ਕਿ ਉਸ ਸਮੇਂ ਰਾਗੀਆਂ ਤੇ ਰਬਾਬੀਆਂ ਦੀਆਂ ਕੁਲ ੧੫ ਚੌਕੀਆਂ ਸਨ, ਜਿਹਨਾਂ 'ਚੋਂ ਪਹਿਲੀਆਂ ਅੱਠ ਚੌਂਕੀਆਂ ਰਾਗੀਆਂ ਦੀਆਂ ੧੨ ਵਜੇ ਤੱਕ ਤੇ ਫਿਰ ਸੱਤ ਚੌਕੀਆਂ ਰਬਾਬੀਆਂ ਦੀਆਂ ੧੨ ਵਜੇ ਤੋਂ ਸਮਾਪਤੀ ਤੱਕ। ਉਹਨਾਂ ਚੌਕੀਆਂ ਦੇ ਮੁਖੀ ਰਾਗੀਆਂ ਤੇ ਰਬਾਬੀਆਂ ਦੇ ਨਾਮ ਇਸ ਪ੍ਰਕਾਰ ਹਨ -

## ਪਹਿਲੀਆਂ ਅੱਠ ਚੌਂਕੀਆਂ ਰਾਗੀਆਂ ਦੀਆਂ

| | | |
|---|---|---|
| 1- | ਭਾਈ ਮਾਨ ਸਿੰਘ ਅਤੇ ਦੇਵਾ ਸਿੰਘ | ਇਕ ਚੌਕੀ |
| 2- | ਭਾਈ ਮਿਸ਼ਰਾ ਸਿੰਘ | ,, |
| 3- | ਭਾਈ ਲਹਿਣਾ ਸਿੰਘ | ,, |
| 4- | ਭਾਈ ਰਤਨ ਸਿੰਘ ਸੂਰਮਾ ਵਗੈਰਾ | ,, |
| 5- | ਭਾਈ ਗੰਗਾ ਸਿੰਘ ਆਦਿ | ,, |
| 6- | ਭਾਈ ਆਗਿਆ ਸਿੰਘ ਆਦਿ | ,, |
| 7- | ਭਾਈ ਬਿਸ਼ਨ ਸਿੰਘ (ਰਾਤ ਵਕਤ) | ,, |
| 8- | ਭਾਈ ਬੋਧ ਸਿੰਘ (ਰਾਤ ਵਕਤ) | ,, |

## ਦੂਜੀਆਂ ਸੱਤ ਚੌਕੀਆਂ ਰਬਾਬੀਆਂ ਦੀਆਂ

| | | |
|---|---|---|
| 1- | ਭਾਈ ਬੋਹਨਾ ਆਦਿ ਸਮੇਤ | ਇਕ ਚੌਕੀ |
| 2- | ਭਾਈ ਕਾਹਨਾ ਆਦਿ ਸਮੇਤ | ,, |
| 3- | ਭਾਈ ਲਾਲ ਭਾਈ ਸਰਦਾਰੀ | ,, |
| 4- | ਭਾਈ ਅਤਰਾ | ,, |
| 5- | ਭਾਈ ਦਿੱਤੂ | ,, |
| 6- | ਭਾਈ ਅਮੀਰਾ | ,, |
| 7- | ਭਾਈ ਹੀਰਾ ਸ਼ਿਕਾਰ ਪੁਰੀਆ | ,, |

('ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼'
ਉਰਦੂ ਦਾ ਪੰਨਾ 87-88)

'ਤਵਾਰੀਖ ਦਰਬਾਰ ਸਾਹਿਬ ਯਾਨੀ ਹਰਿਮੰਦਰ ਸਾਹਿਬ ਵਾਕਿਆ ਅੰਮ੍ਰਿਤਸਰ' ਜਿਸ ਦਾ ਲਿਖਣ ਸੰਮਤ 1926 ਬਿ: ਹੈ-ਵਿਚ ਪ੍ਰਕਰਮਾ ਦੇ ਬਾਹਰਲੇ ਬੁੰਗਿਆਂ ਦੀ ਦੀ ਜਾਣਕਾਰੀ ਦੇਂਦਿਆ ਪੰਜ ਰਾਗੀ ਸਿੰਘਾਂ ਦਾ ਜ਼ਿਕਰ ਆਇਆ ਹੈ—

1- ਭਾਈ ਧੰਨਾ ਸਿੰਘ ਰਾਗੀ, ਬੁੰਗਾ ਨੰ: 4, ਪੰਨਾ 44।

2- ਭਾਈ ਕਾਹਨ ਸਿੰਘ ਰਾਗੀ ਬੁੰਗਾ ਨੰ: 23; ਪੰਨਾ 49।

3- ਭਾਈ ਅਮਰ ਸਿੰਘ ਰਾਗੀ (ਗਿਆਨੀ, ਬੁੰਗਾ ਨੰ: 30, ਪੰਨਾ 51।

4- ਭਾਈ ਚੜ੍ਹਤ ਸਿੰਘ ਰਾਗੀ ਨ ਉਸ ਦਾ ਭਰਾ, ਭਾਈ ਦੇਵਾ ਸਿੰਘ ਰਾਗੀ, ਬੁੰਗਾ ਨੰ: 61, ਪੰਨਾ 57।

(ਦੇਖੋ 'ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼' ਉਰਦੂ,
ਸਿੱਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ ਵਲੋਂ ਛਪੀ)

## 2. ਭਾਈ ਅਤਰਾ ਦਾ ਜਥਾ—

ਭਾਈ ਅਤਰਾ ਜਥੇਦਾਰ ਸੀ ਤੇ ਭ ਈ ਵਸਾਵਾ ਸਹ.ਇਕ ਸਨ, ਜੋੜੀ ਵਾਲਾ ਭਾਈ ਬਾਗ ਸੀ ਜਿਸ ਨੂੰ ਲੋਕ ਜੋੜੀ ਦਾ ਅਵਤਾਰ ਕਹਿੰਦੇ ਸਨ। ਭਾਈ ਬਾਗ ਦੇ ਦੋ ਪੁਤਰ ਭਾਈ ਅਮੀਰ ਤੇ ਭਾਈ ਚਰਾਗ ਸਨ। ਇਹ ਦੋਨੋਂ ਵੀ ਜੋੜੀ ਵਜਾਉਣ ਦੇ ਬੜੇ ਮਾਹਰ ਸਨ। ਚਰਾਗ ਦਾ ਪੁੱਤਰ ਨਸੀਰਾ ਵੀ ਜੋੜੀ ਦਾ ਮਾਹਰ ਸੀ।

## 3. ਭਾਈ ਮੋਤੀ ਦਾ ਜਥਾ—

## 4. ਭਾਈ ਖੁਸ਼ੀਏ ਦਾ ਜਥਾ—

ਭਾਈ ਅਨਾਇਤ ਸਹਾਇਕ ਤੇ ਭਾਈ ਫੈਜ਼ ਜੋੜੀ ਵਾਲਾ ਸੀ।

## 5. ਭਾਈ ਖੈਰ ਗਿੱਡੂ ਜਥੇਦਾਰ—

ਉਸ ਦਾ ਪੁੱਤਰ ਭਾਈ ਲਭੂ ਸਹਾਇਕ, ਜੋੜੀ ਵਾਲਾ ਭਾਈ ਮਹੰਦਾ, ਜਿਸ ਨੂੰ ਜੋੜੀ ਦਾ ਅਵਤਾਰ ਕਹਿੰਦੇ ਸਨ।

6. ਖੈਰ ਗਿੱਡੂ ਦਾ ਦੂਜਾ ਪੁਤਰ **ਸਾਂਈਂ ਦਿੱਤਾ** ਸੀ। ਭਾਈ ਸਾਂਈਂ ਦਿੱਤਾ ਜਥੇਦਾਰ, ਜੋੜੀ ਵਾਲਾ ਸਾਂਈਂ ਦਿੱਤਾ ਦਾ ਪੁੱਤਰ ਦੇਸਾ ਸੀ। ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ ਤੇ ਪ੍ਰੋ: ਦਰਸ਼ਨ ਸਿੰਘ 'ਕੋਮਲ' ਇਹ ਤਿੰਨੇ ਹੀ ਸਾਂਈਂ ਦਿੱਤੇ ਦੇ ਸ਼ਾਗਿਰਦ ਸਨ। ਕਿਉਂਕਿ ਭਾਈ ਸਾਂਈਂ ਦਿੱਤਾ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਨ ਤੋ ਇਲਾਵਾ ਚੀਫ ਖਾਲਸਾ ਦੀਵਾਨ ਦੇ ਸੈਂਟਰਲ ਖਾਲਸਾ ਯਤੀਮਖਾਨਾ ਵਿਚ ਵੀ ਯਤੀਮ ਬੱਚਿਆਂ ਨੂੰ ਕੀਰਤਤਨ ਸਿਖਾਉਣ ਜਾਂਦਾ ਸੀ।

## 7. ਭਾਈ ਲਾਲ—

ਭਾਈ ਲਾਲ ਦੇ ਸ਼ਾਗਿਰਦ ਸਨ ਸੰਤਾ ਸਿੰਘ, ਨਰਿੰਦਰ ਸਿੰਘ ਮਧਰਾ, ਭਾਈ ਚਾਂਦ, ਭਾਈ ਦੇਸਾ, ਭਾਈ ਦਰਬਾਰਾ ਸਿੰਘ ਵੱਲੇ ਦਾ।

## 8. ਭਾਈ ਦੇਸਾ ਦਾ ਜਥਾ—

ਆਪਣੇ ਪਿਤਾ ਭਾਈ ਸਾਂਈਂ ਦਿੱਤੇ ਦੇ ਦੇਹਾਂਤ ਤੋਂ ਬਾਅਦ ਭਾਈ ਦੇਸਾ ਜਥਾ ਬਣਾ ਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰਦਾ ਰਿਹਾ।

### 9. ਭਾਈ ਸੁੰਦਰ ਦਾ ਜਥਾ

### 10. ਭਾਈ ਚਾਂਦ ਦਾ ਜਥਾ—

ਇਹ ਲੰਮਾ ਸਮਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦਾ ਰਿਹਾ। ਗੁਰਬਾਣੀ ਦੇ ਬੜੇ ਢੁਕਵੇਂ ਪ੍ਰਮਾਣ ਇਸ ਤਰ੍ਹਾਂ ਦੇਣ ਕਿ ਸਮੇਂ ਨੂੰ ਪ੍ਰਤੱਖ ਕਰ ਦੇਣਾ। ਗੁਰਬਾਣੀ ਦੇ ਪ੍ਰਮਾਣਾ ਨਾਲ ਗੁਰਮਤਿ ਸਿਧਾਂਤਾਂ ਤੇ ਗੁਰਬਾਣੀ ਦੇ ਅਰਥਾਂ ਦੀ ਵਿਆਖਿਆ ਹੋ ਜਾਣੀ। ਢੁਕਵੇਂ ਪ੍ਰਮਾਣ ਦੇਣ ਦੇ ਹੁਨਰ ਵਿਚ ਪੂਰਾ ਕਾਮਯਾਬ ਸੀ 1939-40 ਈ: ਵਿਚ ਮੈਂ ਆਪ ਚਾਂਦ ਦਾ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੁਣਦਾ ਰਿਹਾ ਹਾਂ। ਇਸ ਦੇ ਟਾਈਮ ਵਿਚ ਸੰਗਤਾਂ ਬਹੁਤ ਜੁੜਦੀਆਂ ਸਨ। ਭਾਈ ਚਾਂਦ ਦਾ ਪਿੱਛਾ ਸਤਲਾਣੀ ਪਿੰਡ ਦਾ ਸੀ। ਇਸ ਦੇ ਪਿਤਾ ਦਾ ਨਾਮ ਭਾਈ ਬੁੱਢਾ ਸੀ। ਭਾਈ ਬੁੱਢ ਦੇ ਕਹਿੰਦੇ ਹਨ, ਕਿ ਸਾਰਾ ਗੁਰਪ੍ਰਤਾਪ ਸੂਰਜ ਕੰਠ ਵਰਗਾ ਸੀ।

ਭਾਈ ਅਰਜਨ ਸਿੰਘ 'ਤਰੰਗੜ' ਨੇ ਦੱਸਿਆ, ਕਿ ਭਾਈ ਬੁੱਢ ਨੇ ਮੇਰਾ ਕਈ ਵਾਰ ਜੋੜੀ ਦਾ ਇਮਤਿਹਾਨ ਲਿਆ ਸੀ। ਭਾਈ ਚਾਂਦ 1987 ਈ: 'ਚ ਪਾਕਿਸਤਾਨ ਚਲਾ ਗਿਆ।

### 11. ਭਾਈ ਤਾਬੇ ਦਾ ਜਥਾ—

ਸ੍ਰੀ ਹਰਿਮੰਦਰ ਸਾਹਿਬ ਕੀਰਤਨ ਵੀ ਕਰਦਾ ਸੀ ਤੇ ਰਾਗੀਆਂ ਤੇ ਰਬਾਬੀਆਂ ਨੂੰ ਕੀਰਤਨ ਸਿਖਾਲਦਾ ਵੀ ਸੀ।

ਨੋਟ—ਇਹ ਉਪਰੋਕਤ ਰਬਾਬੀਆਂ ਬਾਰੇ ਸਾਰੀ ਜਾਣਕਾਰੀ ਭਾਈ ਅਰਜਨ ਸਿੰਘ ਤਰੰਗੜ ਨੇ ਲਿਖਵਾਈ ਜੋ ਫੇਰ ਵਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜੋੜੀ ਵਜਾਉਂਦਾ ਰਿਹਾ ਹੈ।

## ਰਾਗੀ ਸਿੰਘ ਸ੍ਰੀ ਹਰਿਮੰਦਰ ਸਾਹਿਬ

**1. ਬਾਬਾ ਕਪੂਰ ਸਿੰਘ (ਸੂਰਮਾ)** ਜੱਟ ਸਿੱਖ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ ਦੇ ਸਨ। ਸੰਗੀਤ ਦੇ ਮਹਾਨ ਵਿਦਵਾਨ ਤੇ ਉਸਤਾਦ ਸਨ। ਇਨ੍ਹਾਂ ਦੀ ਸਿਫਤ ਮਹੰਤ ਗੱਜਾ ਦੇ ਰਾਹੀਂ ਸੁਣਕੇ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਨੇ ਇਹਨਾਂ ਨੂੰ ਪਟਿਆਲੇ ਰੱਖ ਕੇ 250)+ਮਾਹਵਾਰ ਤਨਖਾਹ ਦੇ ਕੇ ਇਕ ਸੰਗੀਤ ਦੀ ਪੁਸਤਕ ਲਿਖਵਾਈ ਸੀ। ਪ੍ਰਸਿੱਧ ਰਾਗੀ ਭਾਈ ਮੱਖਣ ਸਿੰਘ ਲਾਭ ਸਿੰਘ ਦੋਨੋ ਹੀ ਬਾਬਾ ਕਪੂਰ ਸਿੰਘ ਦੇ ਸ਼ਾਗਿਰਦ ਸਨ। ਬਾਬਾ ਕਪੂਰ ਸਿੰਘ ਦੇ ਉਸਤਾਦ ਬਾਬਾ ਮਿਸਰਾ ਸਿੰਘ ਦੇ ਉਸਤਾਦ ਅੰਤਰਜਾਮੀਆਂ ਦੇ ਡੇਰੇ ਵਾਲ ਸਭ ਤੋਂ ਵੱਡੇ ਉਸਤਾਦ ਬਾਬਾ ਵਸਾਵਾ ਸਿੰਘ ਜੀ ਰੰਗੀ ਰਾਮ ਸਨ। ਰੰਗੀ ਰਾਮ ਉਹਨਾਂ ਦਾ ਉਪਨਾਮ ਸੀ। ਉਸ ਸਮੇਂ ਉਦਾਸੀ ਸੰਤਾਂ ਵਿਚੋਂ ਸੂਰ ਸਾਗਰ ਜੀ ਸੰਗੀਤ ਦੇ ਪ੍ਰਸਿੱਧ ਉਸਤਾਦ ਸਨ। ਰਾਮ ਜੀ ਦਾਸ ਉਦਾਸੀ ਤੇ ਬਾਬਾ ਮਿਸ਼ਰਾ ਸਿੰਘ ਸੂਰ ਸਾਗਰ ਦੇ ਵੀ ਸ਼ਾਗਿਰਦ ਸਨ। ਬਾਬਾ ਕਪੂਰ ਸਿੰਘ ਜੀ ਜਥੇ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ

ਅੰਦਰ ਕੀਰਤਨ ਦੀ ਸੇਵਾ ਕਰਦੇ ਰਹੇ।

**2. ਬਾਬਾ ਗੁਰਮੁਖ ਸਿੰਘ ਜੀ** ਬਾਬਾ ਹਰਸਾ ਸਿੰਘ ਜੀ ਆਪਣੇ ਸਮੇਂ ਦੇ ਬਹੁਤ ਪ੍ਰਸਿੱਧ ਰਾਗੀ ਸਨ, ਜੋ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਰਹੇ।

**3. ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਜੀ** - ਜਿਹਨਾਂ ਦਾ ਜਨਮ 1879 ਈ: ਤੇ ਦੇਹਾਂਤ 1926 ਈਸਵੀ ਨੂੰ ਹੋਇਆ। ਇਹ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਸਿੱਧ ਰਾਗੀ ਸਨ।

**4. ਭਾਈ ਗੁਰਬਚਨ ਸਿੰਘ ਜੀ**—ਸਹਾਇਕ ਭਾਈ ਮੱਖਣ ਸਿੰਘ ਜੀ ਅਤੇ ਜੋੜੀ ਵਾਲਾ ਭਾਈ ਅਰਜਨ ਸਿੰਘ ਜੀ ਸੀ।

**5. ਭਾਈ ਮੱਖਣ ਸਿੰਘ ਜੀ** - ਭਾਈ ਗੁਰਬਚਨ ਸਿੰਘ ਜਥੇਦਾਰ ਬਣਿਆ। ਤੰਤੀ ਸਾਜਾਂ ਨਾਲ ਕੀਰਤਨ ਕਰਦਾ ਸੀ, ਪੂਰੇ ਪੈਂਤੀ ਸਾਲ 1939 ਈਸਵੀ ਤਕ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ 'ਆਸਾ ਜੀ ਦੀ ਵਾਰ' ਦਾ ਕੀਰਤਨ ਕਰਦਾ ਰਿਹਾ ਤੇ ਸੋਦਰੁ ਦੀ ਚੌਂਕੀ ਸ੍ਰੀ ਅਕਾਲ ਤਖਤ ਸਾਹਿਬ ਕਰਦਾ ਸੀ। ਸਾਰੀ ਸਰਵਿਸ ਵਿਚ ਇਕ ਦਿਨ ਦੀ ਵੀ ਛੁਟੀ ਨਹੀਂ ਲਈ ਤੇ ਨਾ ਹੀ ਗੈਰ ਹਾਜ਼ਰੀ ਕੀਤੀ। ਭਾਈ ਲਾਭ ਸਿੰਘ ਸਹਾਇਕ ਤੇ ਭਾਈ ਪ੍ਰਤਾਪ ਸਿੰਘ ਦਾ ਪੁਤਰ ਗੋਪਾਲ ਸਿੰਘ ਜੋੜੀ ਵਾਲਾ ਸੀ। ਚਾਰ ਸਿੰਘਾਂ ਦੀ ਚੌਂਕੀ ਹੁੰਦੀ ਸੀ।

ਆਪ ਤਾਊਸ, ਦੂਜਾ ਸਹਾਇਕ ਸਰੰਦਾ ਤੇ ਤੀਜਾ ਸਹਾਇਕ ਦਿਲਰੁਬਾ ਤੇ ਚੌਥਾ ਤਬਲਾ (ਜੋੜੀ) ਵਜਾਉਂਦਾ। ਪੁਰਾਤਨ ਸੰਗੀਤ ਦੀਆਂ ਰੀਤਾਂ ਨਾਲ ਕੀਰਤਨ ਕਰਦੇ। ਟੁੰਡੇ ਅਸਰਾਜੇ ਕੀ ਧੁਨੀ ਗਾਇਆ ਕਰਦੇ ਸਨ। ਰਾਗੀ ਭਾਈ ਬਚਿੱਤਰ ਸਿੰਘ ਦੇ ਦੱਸਣ ਅਨੁਸਾਰ—

> "ਇਕ ਵਾਰ ਕਮੇਟੀ ਨੇ ਭਾਈ ਸੰਤਾ ਸਿੰਘ ਤੋਂ ਆਸਾ ਦੀ ਵਾਰ ਦਾ ਕੀਰਤਨ ਕਰਵਾਇਆ ਤਾਂ ਸਾਰੇ ਸ਼ਹਿਰ ਵਿਚ ਖੱਪ ਪੈ ਗਈ, ਫਿਰ ਭਾਈ ਮੱਖਣ ਸਿੰਘ ਹੀ ਆਸਾ ਦੀ ਵਾਰ ਦਾ ਕੀਰਤਨ ਕਰਦਾ ਰਿਹਾ।"

**6. ਭਾਈ ਸੁੰਦਰ ਸਿੰਘ ਜੀ ਹੈਡ ਰਾਗੀ**—ਇਹ ਜਦ ਅੰਦਰ ਕੀਰਤਨ ਕਰਨ ਲੱਗੇ ਤਾਂ ਅਜੇ ਨੌਜਵਾਨ ਹੀ ਸਨ, ਇਹਨਾਂ ਦਾ ਤਾਇਆ ਬਾਬਾ ਉੱਤਮ ਸਿੰਘ ਜੀ ਰਾਗੀ ਇਹਨਾਂ ਦਾ ਸਹਾਇਕ ਸੀ ਤੇ ਜੋੜੀਵਾਲਾ ਬਾਬਾ ਮਤਾਬ ਸਿੰਘ ਸੀ ਜੋ ਜੋੜੀ ਦਾ ਉਸਤਾਦ ਸੀ। ਕੁਝ ਸਮਾਂ ਭਾਈ ਨਰਿੰਦਰ ਸਿੰਘ ਬਾਂਕਾ ਸਹਾਇਕ ਤੇਭਾਈ ਰਣਜੀਤ ਸਿੰਘ ਜੋੜੀ ਵਜਾਉਂਦਾ ਰਿਹਾ। ਇਹ ਜਾਤ ਦੇ ਰੋੜੇ ਆਟਾ ਮੰਡੀ ਅੰਮ੍ਰਿਤਸਰ ਦੇ ਵਸਨੀਕ ਸਨ। ਭਾਈ ਸੁੰਦਰ ਸਿੰਘ ਦਾ ਪੁੱਤਰ ਘਨਸ਼ਾਮ ਸਿੰਘ ਸੀ। ਬਾਬਾ ਮਤਾਬ ਸਿੰਘ ਦੇ ਬਹੁਤੇ ਸ਼ਾਗਿਰਦ ਅੰਮ੍ਰਿਤਸਰ ਦੇ ਹੀ ਸਨ। 1938 ਈ: ਵਿਚ ਅਲੀ ਬੇਗ ਜ਼ਿਲਾ ਗੁਜਰਾਤ ਕੀਰਤਨ ਕਰਨ ਗਏ ਮੁਸਲਮਾਨਾਂ ਦੇ ਫਸਾਦਾਂ ਸਮੇਂ ਇਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

**7. ਭਾਈ ਮਾਨ ਸਿੰਘ ਜੀ** ਵਰਤਮਾਨ ਪ੍ਰਸਿੱਧ ਰਾਗੀ ਭਾਈ ਹਰੀ ਸਿੰਘ ਜੀ ਦੇ ਉਸਤਾਦ ਸਨ। ਭਾਈ ਹਰੀ ਸਿੰਘ ਜੀ ਕਾਫੀ ਸਮਾਂ ਇਹਨਾਂ ਨਾਲ ਬਤੌਰ ਸਹਾਇਕ

ਕੀਰਤਨ ਦੀ ਸੇਵਾ ਕਰਦੇ ਰਹੇ। ਭਾਈ ਮਾਨ ਸਿੰਘ ਜੀ 1948 ਈ: ਵਿਚ ਰਿਟਾਇਰ ਹੋ ਗਏ। ਭਾਈ ਹਰਨਾਮ ਸਿੰਘ ਜੜੀ ਵਾਲਾ ਤੇ ਭਾਈ ਮਤਾਬ ਸਿੰਘ ਦੋਨੋ ਭਾਈ ਲਾਲ ਦੇ ਸ਼ਾਗਿਰਦ ਸਨ। ਭਾਈ ਲਾਲ ਪੰਡਿਤ ਭਾਸਕਰ ਰਾਉ ਦਾ ਸ਼ਾਗਿਰਦ ਸੀ।

**8. ਭਾਈ ਨਰਿੰਦਰ ਸਿੰਘ ਜੀ ਮਧਰਾ** ਪਹਿਲਾਂ ਭਾਈ ਅਰਜਨ ਸਿੰਘ ਤੇ ਫੇਰ ਭਾਈ ਬਚਿੱਤਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਇਹਨਾਂ ਨਾਲ ਬਤੌਰ ਸਹਾਇਕ ਕੀਰਤਨ ਕਰਦੇ ਰਹੇ। ਜੋੜੀ ਵਾਲਾ ਭਾਈ ਤਖ਼ਤ ਸਿੰਘ ਸੀ।

**9. ਭਾਈ ਨਰਿੰਦਰ ਸਿੰਘ ਜੀ ਛਾਂਗਾ**—ਇਹ ਪਹਿਲਾਂ ਭਾਈ ਸੁੰਦਰ ਸਿੰਘ ਦਾ ਸਹਾਇਕ ਰਿਹਾ ਫਿਰ ਆਪ ਜਥਦਾਰ ਬਣ ਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰਦਾ ਰਿਹਾ।

**10. ਭਾਈ ਬਚਿੱਤਰ ਸਿੰਘ ਜੀ** 1935 ਈ: ਤੋਂ 19 7 ਈ: ਤਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਰਹੇ ਭਾਈ ਅਜੈਬ ਸਿੰਘ ਜੋੜੀਵਾਲਾ ਸੀ। ਬ੍ਰਿਧ ਹੋਣ ਦੇ ਬਾਵਜੂਦ ਅਜੇ ਵੀ ਗਲਾ ਰਸੀਲਾ ਹੈ ਤੇ ਕੀਰਤਨ ਕਰ ਰਹੇ ਹਨ।

**11. ਪ੍ਰਸਿੱਧ ਰਾਗੀ ਭਾਈ ਸੰਤਾ ਸਿੰਘ ਜੀ** (ਜਨਮ 1904 ਦਿਹਾਂਤ 1966 ਈ:) ਸਹਾਇਕ ਭਾਈ ਸੁਰਜਨ ਸਿੰਘ (ਜਨਮ 1911 ਈ: ਦੇਹਾਂਤ 1965 ਈ:) ਸੈਂਟਰਲ ਖਾਲਸਾ ਯਤੀਮ ਖਾਨਾ ਵਿਖੇ ਭਾਈ ਸਾਈਂ ਦਿੱਤੇ ਦੇ ਦੋਨੋਂ ਸ਼ਾਗਿਰਦ ਬਣ ਕੇ ਕੀਰਤਨ ਸਿਖਦੇ ਰਹੇ। ਜੋੜੀਵਾਲਾ ਸੰਤਾ ਸਿੰਘ ਦਾ ਭਰਾ ਜਬਰਜੰਗ ਸਿੰਘ। ਭਾਈ ਸੁਰਜਨ ਸਿੰਘ ਤੋਂ ਬਾਅਦ ਸੰਤਾ ਸਿੰਘ ਦਾ ਛੋਟਾ ਭਰਾ ਭਾਈ ਸ਼ਮਸ਼ੇਰ ਸਿੰਘ ਸਹਾਇਕ ਰਿਹਾ। ਮਿਲਤ ਬਹੁਤ ਚੰਗੀ ਸੀ। ਆਸਾ ਜੀ ਦੀ ਵਾਰ ਦੀ ਸੈਟਿੰਗ ਬਹੁਤ ਵਧੀਆ ਸੀ। ਗਲੇ ਚੰਗੇ ਤੇ ਆਵਾਜ਼ਾਂ ਸੁਰੀਲੀਆਂ ਸਨ। ਕੀਰਤਨ ਕਰਨ ਸਮੇਂ ਹਿਲਦੇ ਜੁਲਦੇ ਨਹੀਂ ਸਨ ਟਿਕ ਕੇ ਕੀਰਤਨ ਕਰਦੇ, ਪ੍ਰਮਾਣ ਨਹੀਂ ਸਨ ਦੇਂਦੇ। ਕੀਰਤਨ ਵਿਚ ਰਸ ਸੀ। ਪਹਿਲਾਂ ਗੁ: ਬਾਬਾ ਅਟੱਲ ਸਾਹਿਬ ਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਦੇ ਰਹੇ। ਭਾਈ ਮੱਖਣ ਸਿੰਘ ਤੋਂ ਬਾਅਦ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਪੱਕੀ ਡਿਊਟੀ ਲੱਗੀ।

**12. ਭਾਈ ਮੇਹਰ ਸਿੰਘ ਜੀ** 1940 ਈ: ਵਿਚ ਨੌਜਵਾਨ ਅਵਸਥਾ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ 1951 ਈ: ਤੱਕ ਬਹੁਤ ਸੁਰੀਲਾ ਕੀਰਤਨ ਕਰਦੇ ਰਹੇ। ਬਾਅਦ ਵਿਚ ਸਰਵਸ ਛੱਡ ਕੇ ਧਾਰਮਿਕ ਪੁਸਤਕਾਂ ਦੀ ਦੁਕਾਨ ਪਾ ਲਈ।

**13. ਭਾਈ ਮਹਿਤਾਬ ਸਿੰਘ ਜੀ**—ਸਹਾਇਕ ਇਨ੍ਹਾਂ ਦਾ ਪੁੱਤਰ ਪ੍ਰਸਿੱਧ ਰਾਗੀ ਦੇਵਿੰਦਰ ਸਿੰਘ ਜੀ। 1947 ਈ: ਤੋਂ 1950 ਈ: ਤੱਕ ਅੰਦਰ ਕੀਰਤਨ ਕਰਦੇ ਰਹੇ। ਜੋੜੀ ਵਾਲਾ ਭਾਈ ਸੰਤੋਖ ਸਿੰਘ ਸੀ।

**14 ਭਾਈ ਉਤਮ ਸਿੰਘ ਜੀ ਸਿੰਧੀ** -1940 ਈ: ਤੋਂ 1989 ਈ: ਤੱਕ, ਸਹਾਇਕ ਪਹਿਲਾਂ ਭਾਈ ਕੇਹਰ ਸਿੰਘ ਤੇ ਫਿਰ ਭਾਈ ਗੁਰਚਰਨ ਸਿੰਘ ਸਿੰਧੀ ਤੇ ਜੋੜੀਵਾਲਾ ਭਾਈ ਪ੍ਰੀਤਮ ਸਿੰਘ ਸਿੰਧੀ, ਪੰਜ ਸਾਲ ਆਸਾ ਜੀ ਜੀ ਵਾਰ ਦਾ ਕੀਰਤਨ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਰਦੇ ਰਹੇ ਸ਼ੁੱਧ ਗੁਰਬਾਣੀ ਕੰਠ ਸੀ। ਢੁਕਵੇਂ ਤੇ ਮੌਕੇ ਦੇ

ਪ੍ਰਮਾਣ ਦੇਂਦੇ ਸਨ। ਪ੍ਰੇਮ ਤੇ ਸ਼ਰਧਾ ਨਾਲ ਕੀਰਤਨ ਕਰਦੇ ਸਨ। ਪ੍ਰਕਾਸ਼ ਤੋਂ ਪਹਿਲਾਂ ਸਵੱਯੇ ਵੀ ਪੜ੍ਹਦੇ।

**15. ਭਾਈ ਹਰੀ ਸਿੰਘ ਜੀ** 1943 ਈ: ਤੋਂ 12 ਫਰਵਰੀ 1988 ਈ: ਕੀਰਤਨ ਕਰਦੇ ਰਹੇ। ਪਹਿਲਾਂ ਸਹਾਇਕ ਭਾਈ ਸੁਮਿੰਤਰ ਸਿੰਘ, ਫਿਰ ਹੁਣ ਤੱਕ ਸਹ ਇਕ ਭਾਈ ਸੁਰਿੰਦਰ ਸਿੰਘ ਸੂਰਮਾ, ਜੋੜੀਵਾਲਾ ਭਾਈ ਹਰੀ ਸਿੰਘ ਦਾ ਵੱਡਾ ਭਰਾ ਸ਼ਰਨ ਸਿੰਘ ਹੈ। ਬਹੁਤ ਲੰਮੀ ਸਰਵਿਸ ਹੈ। 1। ਫਰਵਰੀ 1988 ਈ: ਵਿਚ ਮੁਕਤ ਹੋ ਗਏ।

**16. ਭਾਈ ਵਰਿਆਮ ਸਿੰਘ ਸੂਰਮਾ**—ਜ਼ਿਲਾ ਲੁਧਿਆਣਾ ਦਾ, ਸਹਾਇਕ ਭਾਈ ਕਰਤਾਰ ਸਿੰਘ ਅਤੇ ਜੋੜੀ ਵਾਲਾ ਭਾਈ ਜੁਝਾਰ ਸਿੰਘ ਸੂਰਮਾ ਸੀ। 1952 ਈ: ਤੋਂ 1963 ਈ: ਤੱਕ।

**17. ਭਾਈ ਕਰਤਾਰ ਸਿੰਘ (ਭੰਗੜ)**—ਦਸਮ ਪਾਤਸ਼ਾਹ ਦੀ ਬਾਣੀ ਬਹੁਤ ਕਠ ਸੀ। ਕਾਫ਼ੀ ਸਮਾਂ ਅੰਦਰ ਕੀਰਤਨ ਕਰਦਾ ਰਿਹਾ।

**18. ਭਾਈ ਅਮਰੀਕ ਸਿੰਘ ਜੀ ਸੂਰਮਾ**—ਜ਼ਿਲਾ ਰੋਪੜ ਜੋ 1957 ਈ: ਤੋਂ 1984 ਈ: ਤੱਕ ਕੀਰਤਨ ਕਰਦੇ ਰਹੇ। 6 ਜੂਨ 1984 ਈ: ਦੇ ਘਲੂਘਾਰੇ ਸਮੇਂ ਕੀਰ-ਤਨ ਕਰਕੇ ਅੰਦਰੋਂ ਬਾਹਰ ਆਏ ਦਰਸ਼ਨੀ ਡਿਉਢੀ ਦੇ ਬਾਹਰਵਾਰ ਪ੍ਰਕਰਮਾ ਵਿਚ ਫੌਜ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਤੰਤੀ ਸਾਜ਼ ਦੇ ਮਾਹਰ ਸਨ। ਸਹਾਇਕ ਭਾਈ ਹਰਚਰਨ ਸਿੰਘ ਤੇ ਜੋੜੀ ਵਾਲਾ ਪਹਿਲਾ ਭਾਈ ਮੁਕੰਦ ਸਿੰਘ ਫਿਰ ਭਾਈ ਗੁਰਬਖਸ਼ ਸਿੰਘ।

**19. ਭਾਈ ਸ਼ਮਸ਼ੇਰ ਸਿੰਘ ਜੀ**—ਭਾਈ ਸੰਤਾ ਸਿੰਘ ਜੀ ਦਾ ਛੋਟਾ ਭਰਾ 1957 ਈ: ਤੋਂ 1963 ਈ: ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਰਹੇ। ਹੁਣ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਗੁਰਦੁਆਰਿਆਂ ਗੁ: ਸੀਸ ਗੰਜ ਗੁ: ਬੰਗਲਾ ਸਾਹਿਬ ਕੀਰਤਨ ਕਰ ਰਹੇ ਹਨ। ਸੰਗੀਤ ਦੇ ਚੰਗੇ ਮਾਹਰ ਹਨ।

**20. ਭਾਈ ਹਰੀ ਸਿੰਘ ਸੂਰਮਾ**—ਤਿੰਨ ਪਹਿਰੇ ਜਾਂ ਸਮਾਪਤੀ ਦੀ ਡਿਊਟੀ ਕਰਦੇ ਰਹੇ। ਵਾਰੀ ਸਿਰ ਸ੍ਰੀ ਅਕਾਲ ਤਖ਼ਤ ਸਾਹਿਬ ਵਾਰੀ ਸਿਰ ਕੀਰਤਨ ਕਰਦੇ ਰਹੇ। ਜੋੜੀ ਵਾਲਾ ਭਾਈ ਸੰਤੋਖ ਸਿੰਘ ਮੋਗਾ ਸੀ।

**21. ਭਾਈ ਗੁਰਮੁਖ ਸਿੰਘ ਸੂਰਮਾ** - ਸਹਾਇਕ ਭਾਈ ਸਵਰਨ ਸਿੰਘ ਇਹ ਵੀ ਤਿੰਨ ਪਹਿਰੇ ਸਮਾਪਤੀ ਤੇ ਅਕਾਲ ਤਖ਼ਤ ਵਾਰੀ ਸਿਰ ਕੀਰਤਨ ਕਰਦੇ ਰਹੇ।

**22. ਭਾਈ ਜੀਵਨ ਸਿੰਘ** - ਇਹਨਾਂ ਦਾ ਜਥਾ ਵੀ ਤਿੰਨ ਪਹਿਰੇ ਸਮਾਪਤੀ ਤੇ ਅਕਾਲ ਤਖ਼ਤ ਵਾਰੀ ਸਿਰ ਕੀਰਤਨ ਕਰਦਾ ਰਿਹਾ। ਆਵਾਜ਼ ਬਰੀਕ ਤੇ ਸੁਰੀਲੀ ਸੀ। ਮਿੱਠਾ ਕੀਰਤਨ ਕਰਦਾ ਸੀ।

**23. ਭਾਈ ਸ਼ੇਰ ਸਿੰਘ ਜੀ ਗਿਆਨੀ (ਸੂਰਮਾ)**—ਪਿੰਡ ਹਸਨਪੁਰ ਜ਼ਿਲਾ ਲੁਧਿਆਣਾ, ਰਾਗੀ ਬੁੱਧ ਸਿੰਘ ਕੋਕਰੀ ਕਲਾਂ ਪਾਸੋਂ ਕੀਰਤਨ ਸਿਖਿਆ ਉਨ੍ਹਾਂ ਪਾਸ ਹੀ ਰਹਿ ਕੇ ਸੰਗੀਤ ਰਾਹੀਂ ਕੀਰਤਨ ਸਿਖਾਉਣ ਦੀ ਸੇਵਾ ਕਰਦੇ ਰਹੇ। ਸ਼ੁੱਧ ਗੁਰਬਾਣੀ ਕੰਠ, ਮੌਕੇ ਦੇ ਢੁੱਕਵੇਂ ਸ਼ਬਦ ਤੇ ਪ੍ਰਮਾਣ ਦੇਂਦੇ ਗੁਰਬਾਣੀ ਦੇ ਅਰਥਾਂ ਦੀ ਸੁੰਦਰ ਵਿਆਖਿਆ ਕਰਦੇ, ਗੁਰ ਪ੍ਰਤਾਪ ਸੂਰਜ ਦੀ ਕਥਾ ਵੀ ਕਰਦੇ ਰਹੇ। ਦਸਮ ਪਾਤਸ਼ਾਹ ਦੀ ਬਾਣੀ ਤੇ ਭਾਈ

(ਬਾਕੀ ਪੰਨਾ 22 ਤੇ)

1946 ਬਿ: ਦੀ ਲਿਖੀ ਪੁਸਤਕ 'ਤਵਾਰੀਖ ਸ੍ਰੀ ਅੰਮ੍ਰਿਤਸਰ' ਵਿਚ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਰਾਗੀਆਂ ਵਿਚ ਪਹਿਲੇ ਪਹਿਲ ਭਾਈ ਮੱਸਾ ਸਿੰਘ ਰਾਗੀ ਬਹੁਤ ਚਿਰ ਤੱਕ ਆਸਾ ਦੀ ਵਾਰ ਦੀ ਚੌਕੀ ਕਰਦਾ ਰਿਹਾ। ਉਸ ਦੇ ਘਰ ਸੰਤਾਨ ਨਾ ਹੋਣ ਕਰਕੇ ਆਪਣੇ ਦੋਹਤਰੇ ਭਾਈ ਮਾਨ ਸਿੰਘ ਨੂੰ ਮਤਬੰਨਾ ਬਣਾ ਕੇ ਆਪਣੀ ਥਾਂ ਕਾਇਮ ਕੀਤਾ, ਜਿਸ ਨੂੰ ਸਿੱਖਾਂ ਵਲੋਂ ਸਿਰੋਪਾ ਮਿਲਣ ਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਿਰੋਪਾ ਤੇ ਕੁਝ ਜਾਗੀਰ ਬਖਸ਼ ਦਿੱਤੀ। ਉਸ ਦੇ ਸ਼ਾਗਿਰਦ ਤੇ ਉਸ ਦੀ ਸੰਤਾਨ ਭਾਈ ਜੀਤ ਸਿੰਘ ਆਦਿ ਹੁਣ ਤਕ ਸ੍ਰੀ ਦਰਬਾਰ ਸਾਹਿਬ ਵਿਚ ਆਸਾ ਦੀ ਵਾਰ ਦੀ ਵਾਰ ਦੀ ਚੌਕੀ ਕਰਦੇ ਹਨ। ਸਾਰੇ ਰਾਗੀਆਂ ਤੇ ਰਬਾਬੀਆਂ ਨੂੰ 283) ਰੁਪਏ ਮਾਹਵਾਰ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ ਵਿਚੋਂ ਮਿਲਦੇ ਹਨ। ਉਸ ਸਮੇਂ ਹੇਠ ਲਿਖੇ ਰਾਗੀ ਤੇ ਰਬਾਬੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਸਨ।

## ਦਰਬਾਰ ਸਾਹਿਬ ਦੇ ਰਾਗੀਆਂ ਤੇ ਰਬਾਬੀਆਂ ਦਾ ਸਮਾਂ

| ਨੰ: | ਨਾਮ ਚੌਕੀ | ਰਾਗੀਆਂ ਦੇ ਨਾਮ | ਗਿਣਤੀ | ਵੇਲਾ | ਵੇਰਵਾ |
|---|---|---|---|---|---|
| 1. | ਆਸਾ ਦੀ ਵਾਰ | ਭਾਈ ਚੇਤ ਸਿੰਘ, ਭਾਈ ਹਜ਼ਾਰਾ ਸਿੰਘ | 10 ਆਦਮੀ | ਡੇਢ ਪਹਿਰ ਰਾਤ ਤੋਂ ਇਕ ਘੜੀ ਦਿਨ ਚੜ੍ਹੇ ਤਕ | 11 ਘੜੀਆਂ |
| 2. | ਬਿਲਾਵਲ | ਮਿਸ਼ਰਾ ਸਿੰਘ, ਕਪੂਰ ਸਿੰਘ, ਮੱਖਣ ਸਿੰਘ | 8 ਆਦਮੀ | ਚਾਰ ਘੜੀ ਦਿਨ ਚੜ੍ਹੇ ਤਕ | 4 ਘੜੀਆਂ |
| 3. | | ਪੇੜਾ ਸਿੰਘ, ਕਿਸ਼ਨ ਸਿੰਘ, ਗੁਰਦਿੱਤ ਸਿੰਘ | 3 ਆਦਮੀ | ਪਹਿਰ ਦਿਨ ਚੜ੍ਹੇ ਤੱਕ | 4 ਘੜੀਆਂ |
| 4. | | ਰਤਨ ਸਿੰਘ, ਕਰਮ ਸਿੰਘ, ਮੰਗਲ ਸਿੰਘ | 3 ਆਦਮੀ | 4 ਘੜੀ | 4 ਘੜੀਆਂ |
| 5. | | ਗੰਡਾ ਸਿੰਘ, ਜਮੀਤ ਸਿੰਘ, ਮੰਗਲ ਸਿੰਘ | 3 ਆਦਮੀ | 3 ਘੜੀ | |
| 6. | ਅਨੰਦ | ਮਾਨ ਸਿੰਘ, ਅਮੀਰ ਸਿੰਘ | 2 ਆਦਮੀ | 2 ਘੜੀ | |
| 7. | | ਭਾਈ ਮਾਲਾ, ਹੁਸੈਨ, ਬੋਰੀ ਆਦਿ | 6 ਆਦਮੀ | 3 ਘੜੀ (ਰਬਾਬੀ) | ੧॥) ਦਿਹਾੜੀ |
| 8. | ਚਰਨ ਕਵਲ | ਗੁਲਾਬ ਮੇਹਰਾ ਸਾਧ | 4 ਆਦਮੀ | 3 ਘੜੀ | ॥) ਦਿਹਾੜੀ |

| | | | | | |
|---|---|---|---|---|---|
| 9. | | ਭਾਈ ਰਾਓ, ਲਾਡਾ, ਫੇਰਾ, ਈਦ | 5 ਆਦਮੀ | 3 ਘੜੀ | ੧) ਦਿਹਾੜੀ |
| 10. | ਕਥਾ ਸ੍ਰੀ ਗੁਰੂ ਗਰੰਥ ਸਾਹਿਬ | ਭਾਈ ਗੁਰਬਖਸ਼ ਸਿੰਘ | 1 ਆਦਮੀ | 2 ਘੜੀ | ੧) ਦਿਹਾੜੀ |
| 11. | | ਭਾਈ ਅਤਰਾ ਤੇ ਵਧਾਵਾ | 8 ਆਦਮੀ | 3 ਘੜੀ | ।≡) ਦਿਹਾੜੀ |
| 12. | | ਭਾਈ ਦਿੱਤੂ, ਜੰਮੂ, ਮੰਮੂ | 5 ਆਦਮੀ | 2 ਘੜੀ | ।≡) ਦਿਹਾੜੀ |
| 13. | | ਸਾਹਿਬ, ਅਮੀਰਾ, ਭਾਈ ਝੰਡਾ, ਮੇਹਰਾ | 4 ਆਦਮੀ | 3 ਘੜੀ | ।) ਦਿਹਾੜੀ |
| 14. | | ਭਾਈ ਬਿਸ਼ਨ ਸਿੰਘ, ਬੁਧ ਸਿੰਘ ਆਦਿ | 4 ਆਦਮੀ | 2 ਘੜੀ | ॥) ਦਿਹਾੜੀ |
| 15. | | ਨੱਥੂ, ਰੱਖੂ, ਖੈਰਾ ਆਦਿ | 6 ਆਦਮੀ | 2 ਘੜੀ | ॥) ਦਿਹਾੜੀ |
| 16. | | ਮੰਗਲ ਸਿੰਘ, ਰਾਮ ਸਿੰਘ | 8 ਆਦਮੀ | ੧ ਘੜੀ (ਸਮਾਪਤੀ) | |

# ਰਬਾਬੀ ਸ੍ਰੀ ਹਰਿਮੰਦਰ ਸਾਹਿਬ

1. **ਭਾਈ ਬੂੜਾ**—ਜਿਸ ਨੂੰ 25 ਹਾੜ 1933 ਬਿ: ਨੂੰ ਲਿਖਤ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਗਰੰਥੀਆਂ ਤੇ ਪੁਜਾਰੀਆਂ ਦੇ ਘਰੀਂ ਕੀਰਤਨ ਕਰਨ ਦੀ ਸ਼ਬਦ ਭੇਟ ਨਿਸਚਿਤ ਕੀਤੀ ਗਈ ਸੀ। ਜਿਸ ਉਪਰ ਸਮੇਂ ਦੇ ਗਰੰਥੀ ਸਿੰਘਾਂ ਪੁਜਾਰੀਆਂ ਤੇ ਅਰਦਾਸੀਆਂ ਦੇ ਦਸਖਤ ਹਨ। ਭਾਈ ਬੂੜਾ, ਭਾਈ ਬਾਬਕ ਦੀ ਵੰਸ਼ ਵਿਚੋਂ ਸੀ ਤੇ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਦੀ ਸੇਵਾ ਕਰ ਰਿਹਾ ਸੀ।

(ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੀ ਮੁਖੀ
ਬੀਬੀ ਮਦਨਜੀਤ ਕੌਰ ਲਿਖਤ ਪੁਸਤਕ 'ਗੋਲਡਨ ਟੈਂਪਲ' ਅੰਗਰੇਜ਼ੀ, ਪੰਨਾ 208)

ਗੁਰਦਾਸ ਜੀ ਦੀ ਬਹੁਤ ਬਾਣੀ ਕੰਠ ਹੈ। ਮਹੀਨੇ ਭਰ ਦੀ ਡਿਊਟੀ 'ਚ ਹਰ ਰੋਜ਼ ਨਵਾਂ ਸ਼ਬਦ ਪੜ੍ਹਦੇ। 1962 ਈ: ਤੋਂ 1975 ਈ: ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਸਹਾਇਕ ਅਮਰੀਕ ਸਿੰਘ ਤੇ ਜੋੜੀ ਵਾਲਾ ਸੁਰਜੀਤ ਸਿੰਘ ਭਤੀਜਾ ਫਿਰ ਰੀਟਾਇਰ ਹੋ ਗਏ। ਅੱਜ ਕੱਲ ਜ਼ਿਲਾ ਲੁਧਿਆਣਾ ਦੇ ਪਿੰਡ ਤੁਗਲਕ ਵਿਚ ਰਹਿ ਕੇ ਕੀਰਤਨ ਸਿਖਾਲ ਰਹੇ ਹਨ।

**24. ਭਾਈ ਬਲਬੀਰ ਸਿੰਘ ਤਰਨਤਾਰਨੀਆਂ**—ਸਹਾਇਕ ਭਰਾ ਚਤਰ ਸਿੰਘ ਤੇ ਜੋੜੀਵਾਲਾ ਭਰਾ ਮਹਿੰਦਰ ਸਿੰਘ, ਸੰਗੀਤ ਦੇ ਚੰਗੇ ਜਾਣੂ ਤੇ ਗਵੱਈਏ, ਦਸਮ ਪਾਤਸ਼ਾਹ ਦੀ ਬਾਣੀ ਬੇਅਤ ਕੰਠ ਪ੍ਰਮਾਣ ਬਹੁਤ ਦੇਂਦ ਹਨ ਵਿਚੋਂ ਗੁ: ਸੀਸ ਗੰਜ ਦਿੱਲੀ ਕੀਰਤਨ ਕਰਦੇ ਰਹੇ। ਹੁਣ ਫਿਰ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰ ਰਹੇ ਹਨ!

**25. ਭਾਈ ਪਿਆਰਾ ਸਿੰਘ ਪਟਿਆਲਾ**—ਸਹਾਇਕ ਜਸਵੰਤ ਸਿੰਘ ਪੁੱਤਰ, ਜੋੜੀਵਾਲਾ ਪੁੱਤਰ। ਮਨਜੀਤ ਸਿੰਘ 1962 ਤੋਂ 1973 ਈ: ਤੱਕ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਦੇ ਰਹੇ। ਕੀਰਤਨ ਸੁਰੀਲਾ ਤ ਰਸਦਾਇਕ ਸੀ। ਪ੍ਰਮਾਣ ਨਹੀਂ ਦਿੰਦੇ ਸਨ।

**26. ਭਾਈ ਬਖਸ਼ੀਸ਼ ਸਿੰਘ ਜੀ** 1972 ਤੋਂ 1977 ਈ: ਤੱਕ। ਸਹਾਇਕ ਭਾਈ ਸੁਰਜੀਤ ਸਿੰਘ ਤੇ ਜੋੜੀਵਾਲਾ ਗੁਰਦੀਪ ਸਿੰਘ ਭਰਾ। ਕੀਰਤਨ ਬਹੁਤ ਠਰੰਮੇ ਨਾਲ ਰਸੀਲਾ ਕਰਦੇ ਸਨ ਰੇਡੀਓ ਟੀ. ਵੀ. ਤੇ ਗਾਉਂਦੇ ਸਨ।

**27. ਭਾਈ ਗੁਰਮੇਲ ਸਿੰਘ** 1975 ਈ: ਤੋਂ ਹੁਣ ਤੱਕ। ਪਿੰਡ ਬੌਡਾ ਤਹਿਸੀਲ ਮੋਗਾ, ਜ਼ਿਲਾ ਫਰੀਦਕੋਟ। ਸਹਾਇਕ ਗੁਰਬਚਨ ਸਿੰਘ ਤੇ ਜੋੜੀਵਾਲਾ ਭਾਈ ਕੁਲਦੀਪ ਸਿੰਘ ਬੁੱਟਰ। ਕੀਰਤਨ ਦਾ ਪ੍ਰਭਾਵ ਚੰਗਾ ਤੇ ਰਸੀਲਾ ਹੈ। ਰੇਡੀਓ ਤੇ ਇਨ੍ਹਾਂ ਦਾ ਕੀਰਤਨ ਬਹੁਤ ਆਉਂਦਾ ਹੈ। [ਅਜਕਲ੍ਹ ਅਮਰੀਕਾ ਵਿਚ ਹਨ]

**28. ਭਾਈ ਚਤਰ ਸਿੰਘ ਸਿੰਧੀ** - ਗੁਰਚਰਨ ਸਿੰਘ ਸਿੰਧੀ ਦਾ ਛੋਟਾ ਭਰਾ। ਕੀਰਤਨ ਬਹੁਤ ਬਹੁਤ ਸੁਰੀਲਾ ਤੇ ਇਕਾਗ੍ਰਤਾ ਸਾਹਿਤ ਕਰਦੇ ਹਨ। ਸੰਗਤ ਤੇ ਬਹੁਤ ਪ੍ਰਭਾਵ ਪੈਂਦਾ ਹੈ। ਸਿਰਫ ਤਿੰਨ ਮਹੀਨੇ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕੀਤਾ ਫਿਰ ਛੱਡ ਗਏ। ਅੱਜ ਕਲ੍ਹ ਵਿਚਰ ਕੇ ਕੀਰਤਨ ਦੀ ਸੇਵਾ ਕਰ ਰਹੇ ਹਨ।

**29. ਭਾਈ ਗੋਪਾਲ ਸਿੰਘ ਜ ਸੂਰਮਾ**—ਸਹਾਇਕ ਭਾਈ ਬਲਬੀਰ ਸਿੰਘ ਤੇ ਜੋੜੀਵਾਲਾ ਭਾਈ ਕਰਤਾਰ ਸਿੰਘ ਦੋਨੋਂ ਭਰਾ, ਕੀਰਤਨ ਬਹੁਤ ਰਸੀਲਾ, ਸੰਗਤ ਬਹੁਤ ਜੁੜਦੀ ਰਹੀ। 1972 ਈ: ਤੋਂ 1973 ਈ: ਤੱਕ ਕੀਰਤਨ ਕੀਤਾ, ਫਿਰ ਦੇਹਾਂਤ ਹੋ ਗਿਆ।

**30. ਭਾਈ ਜਸਵੰਤ ਸਿੰਘ ਜੀ** (ਰਾਗੀ ਪਿਆਰਾ ਸਿੰਘ ਦਾ ਪੁੱਤਰ ਤੇ ਸਹਾਇਕ) ਸਹਾਇਕ ਮਨਜੀਤ ਸਿੰਘ ਭਰਾ ਜੋੜੀਵਾਲਾ ਗੁਰਬਖਸ਼ ਸਿੰਘ। ਕੀਰਤਨ ਸੁਰੀਲਾ, ਸਪੱਸ਼ਟ ਤੇ ਪਰਭਾਵਸ਼ਾਲੀ ਹੈ। 1975 ਈ: ਤੋਂ ਹੁਣ ਤੱਕ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰ ਰਹੇ ਹਨ।

31. **ਭਾਈ ਸੁਰਿੰਦਰ ਸਿੰਘ ਜੀ** ਪਟਨਾ ਸਾਹਿਬ ਵਾਲੇ—1976 ਈ: ਤੋਂ 1987 ਈ: ਤੱਕ। ਸਹਾਇਕ ਰਵਿੰਦਰ ਸਿੰਘ ਤੇ ਜੋੜੀ ਵਾਲਾ ਮਹਿੰਦਰ ਸਿੰਘ, ਤਿੰਨੇ ਭਰਾ, ਅਵਾਜ਼ ਚੰਗੀ, ਲੋਕ ਬਹੁਤ ਪਸੰਦ ਕਰਦੇ ਸਨ। ਭਾਈ ਸੁਰਿੰਦਰ ਸਿੰਘ ਸਰਵਸ ਤੋਂ ਹਟ ਚੁਕੇ ਹਨ।

32. **ਭਾਈ ਦਲਵੀਰ ਸਿੰਘ**, ਸਹਾਇਕ ਭਰਾ ਦਿਲਦਾਰ ਸਿੰਘ ਤੇ ਜੋੜੀ ਵਾਲਾ ਭਾਈ ਕਰਤਾਰ ਸਿੰਘ (ਭਾਈ ਗੋਪਾਲ ਸਿੰਘ ਰਾਗੀ ਦੇ ਸਾਥੀ ਤੇ ਸ਼ਾਗਿਰਦ) 1973 ਈ: ਤੋਂ ਹੁਣ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਦੀ ਡਿਊਟੀ ਕਰ ਰਹੇ ਹਨ।

33. **ਭਾਈ ਗੁਰਦੀਪ ਸਿੰਘ ਦਾ ਜਥਾ**—ਪਹਿਲਾ ਸ੍ਰੀ ਹਰਿਮੰਦਰ ਸਾਹਿਬ ਤੇ ਹੁਣ ਸ੍ਰੀ ਅਕਾਲ ਤਖਤ ਸਾਹਿਬ ਕੀਰਤਨ ਦੀ ਡਿਊਟੀ ਕਰ ਰਹੇ ਹਨ।

34. **ਭਾਈ ਸੁਰਜੀਤ ਸਿੰਘ ਜਥੇਦਾਰ,**—ਭਾਈ ਜੋਗਿੰਦਰ ਸਿੰਘ ਸਹਾਇਕ ਤੇ ਭਾਈ ਕਸ਼ਮੀਰ ਸਿੰਘ ਜੋੜੀ ਵਾਲਾ।

35. **ਭਾਈ ਬਲਦੇਵ ਸਿੰਘ ਜਥੇਦਾਰ,**—ਭਾਈ ਕਿਰਪਾਲ ਸਿੰਘ ਸਹਾਇਕ ਤੇ ਭਾਈ ਬਲਵਿੰਦਰ ਸਿੰਘ ਜੋੜੀ ਵਾਲਾ।

36. **ਭਾਈ ਗੁਰਮੀਤ ਸਿੰਘ ਜਥੇਦਾਰ,**—ਭਾਈ ਰਤਨ ਸਿੰਘ ਸਹਾਇਕ ਤੇ ਭਾਈ ਜਗਦੀਪ ਸਿੰਘ ਜੋੜੀ ਵਾਲਾ।

ਇਸ ਸਮੇਂ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕੀਰਤਨ ਕਰਨ ਰਾਗੀ ਸਿਘਾਂ ਦੀਆਂ 15 ਚੌਕੀਆਂ ਹਨ ਆਸਾ ਜੀ ਦੀ ਵਾਰ ਵਾਲਾ ਜਥਾ ਇਕ ਚੌਕੀ (ਜਿਸ ਦਾ ਸਮਾ ਦੋ ਚੌਕੀਆਂ ਬਰਾਬਰ ਹੁੰਦਾ ਹੈ) ਕਰਦਾ ਹੈ ਬਾਕੀ ਸੱਤ ਜਥੇ ਦੋ ਦੋ ਚੌਕੀਆਂ ਹਰ ਰੋਜ਼ ਕਰਦੇ ਹਨ।

ਮਹੀਨਾ ਜੇਠ 1988 ਈ: 14 ਮਈ ਤੋਂ 13 ਜੂਨ ਤੱਕ ਇਕ ਮਹੀਨੇ ਦੀਆਂ ਡਿਊਟੀਆ ਇਸ ਤਰ੍ਹਾਂ ਹਨ। ਹੇਠ ਲਿਖੇ ਜਥੇ ਇਹ ਸੇਵਾ ਨਿਭਾ ਰਹੇ ਹਨ। ਰੁੱਤ ਅਨੁਸਾਰ ਸਮਾਂ ਬਦਲਦਾ ਰਹਿੰਦਾ ਹੈ।

| | | |
|---|---|---|
| 1. | ਭਾਈ ਅਤਰ ਸਿੰਘ ਜਥੇਦਾਰ ਰਾਗੀ | 2 ਵਜੇ ਤੋਂ 3 ਵਜੇ ਤੱਕ ਤਿੰਨ ਪਹਿਰਾ |
| | ਭਾਈ ਸੁਖਦੇਵ ਸਿੰਘ ਸਹਾਇਕ | 1-15 ਤੋਂ 2-30 ਦੁਪਹਿਰ |
| | ਭਾਈ ਪ੍ਰਤਾਪ ਸਿੰਘ ਜੋੜੀ ਵਾਲਾ | |
| 2. | ਭਾਈ ਨਿਰਮਲ ਸਿੰਘ ਜਥੇਦਾਰ | 3-00 ਤੋਂ 6-00 ਸਵੇਰੇ |
| | ਭਾਈ ਦਰਸ਼ਨ ਸਿੰਘ ਸਹਾਇਕ | ਆਸਾ ਦੀ ਵਾਰ |
| | ਭਾਈ ਬਲਦੇਵ ਸਿੰਘ ਜੋੜੀ ਵਾਲਾ | |
| 3. | ਭਾਈ ਹਰਚਰਨ ਸਿੰਘ ਜਥੇਦਾਰ | 6-15 ਤੋਂ 7-30 ਸਵੇਰੇ |
| | ਭਾਈ ਪ੍ਰੇਮ ਸਿੰਘ ਸਹਾਇਕ | 2-30 ਤੋਂ 3-45 ਦੁਪਹਿਰ |
| | ਭਾਈ ਚਰਨਜੀਤ ਸਿੰਘ ਜੋੜੀ ਵਾਲਾ | |

| | | |
|---|---|---|
| 4. | ਭਾਈ ਗੁਰਮੇਜ ਸਿੰਘ ਜਥੇਦਾਰ | 7-30 ਤੋਂ 8-45 ਸਵੇਰੇ |
| | ਭਾਈ ਸਵਿੰਦਰ ਸਿੰਘ ਸਹਾਇਕ | 3-15 ਤੋਂ 4-55 ਸ਼ਾਮ |
| | ਭਾਈ ਮਹਿੰਦਰ ਸਿੰਘ | |
| 5. | ਭਾਈ ਸੱਜਣ ਸਿੰਘ ਜਥੇਦਾਰ | 8-45 ਤੋਂ 10-00 ਸਵੇਰੇ |
| | ਭਾਈ ਰਛਪਾਲ ਸਿੰਘ ਸਹਾਇਕ | 4-55 ਤੋਂ 6-15 ਸ਼ਾਮ |
| | ਭਾਈ ਗੁਰਵਿੰਦਰ ਸਿੰਘ ਜੋੜੀ ਵਾਲਾ | |
| 6. | ਭਾਈ ਰਵਿੰਦਰ ਸਿੰਘ ਜਥੇਦਾਰ | 10-00 ਤੋਂ 11-00 ਸਵੇਰੇ |
| | ਭਾਈ ਮਹਿੰਦਰ ਸਿੰਘ ਸਹਾਇਕ | 6-15 ਤੋਂ 7-30 ਸੋਦਰੁ |
| | ਭਾਈ ਸ਼ਤਿਨਾਮ ਸਿੰਘ ਜੋੜੀ ਵਾਲਾ | |
| 7. | ਭਾ. ਕ੍ਰਿਪਾਲ ਸਿੰਘ (ਸ਼ਹਿਰੀ) ਜਥਦਾਰ | 11-00 ਤੋਂ 12-00 ਦੁਪਹਿਰ |
| | ਭਾਈ ਅਮਰਜੀਤ ਸਿੰਘ ਸਹਾਇਕ | 7-50 ਤੋਂ 8-15 ਆਰਤੀ |
| | ਭਾਈ ਭੂਪਿੰਦਰ ਸਿੰਘ ਜੋੜੀ ਵਾਲਾ | |
| 8. | ਭਾਈ ਬਲਬੀਰ ਸਿੰਘ ਜਥੇਦਾਰ | 12-00 ਤੋਂ 1-15 ਦੁਪਹਿਰ |
| | ਭਾਈ ਚਤਰ ਸਿੰਘ ਸਹਾਇਕ | 9-15 ਤੋਂ ਸਮਾਪਤੀ |
| | ਭਾਈ ਮਹਿੰਦਰ ਸਿੰਘ ਜੋੜੀ ਵਾਲਾ | |

## ਕੀਰਤਨ ਦੀਆਂ ਚੌਕੀਆਂ

ਭਾਈ ਕਾਨ੍ਹ ਸਿੰਘ ਜੀ ਨਾਭਾ ਰਚਿਤ ਗੁਰ-ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਰ ਚੌਕੀਆਂ ਦਾ ਜ਼ਿਕਰ ਹੈ ਜਿਵੇਂ ਕਿ—

1. ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਚੌਕੀ
2. ਸਵਾ ਪਹਿਰ ਦਿਨ ਚੜ੍ਹੇ ਚਰਨ ਕਮਲ ਕੀ ਚੌਕੀ, ਚਰਨ ਕਮਲ ਪ੍ਰਭ ਕੇ ਨਿਤ ਧਿਆਏ' ਸ਼ਬਦ ਦੇ ਗਾਉਣ ਤੋਂ ਇਹ ਸੰਗਯਾ ਹੈ ।
3. ਸੰਝ ਵੇਲੇ ਰਾਹਰਾਸ ਤੋਂ ਪਹਿਲਾਂ 'ਸੋਦਰ ਦੀ ਚੌਂਕੀ'—

   'ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ'

   ਦੇ ਗਾਉਣ ਤੋਂ ਇਹ ਸੰਗਯਾ ਹੈ ।
4. ਚਾਰ ਘੜੀ ਰਾਤ ਬੀਤਣ ਪੁਰ 'ਕਲਯਾਨ ਦੀ ਚੌਂਕੀ', ਜਿਸ ਵਿਚ ਕਲਯਾਨ ਰਾਗ ਦੇ ਸ਼ਬਦ ਗਾਏ ਜਾਂਦੇ ਹਨ ।

ਭਾਈ ਵੀਰ ਸਿੰਘ ਜੀ, ਖਾਲਸਾ ਟਰੈਕਟ ਸੁਸਾਇਟੀ ਵਲੋਂ ਛਪੇ ਸ੍ਰੀ ਗੁਰੂ ਗਰੰਥ ਕੋਸ਼ ਦੀ ਅੰਤਕਾ ਵਿਚ ਗੁਰਮਤ ਸੰਗੀਤ ਸਿਰਲੇਖ ਹੇਠ ਪੰਨਾ 1379 ਉਪਰ ਲਿਖਦੇ ਹਨ :—

"ਗੁਰਮਤ ਵਿਚ ਅਖੰਡ ਕੀਰਤਨ ਦੀ ਆਗਿਆ ਹੈ ।"

ਇਕ ਅਖੰਡ ਕੀਰਤਨ ਸਵਾਸ ਸਵਾਸ ਨਾਮ ਸਿਮਰਨ ਹੈ। ਦੂਜਾ ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗੀਤ ਦੁਆਰਾ ਵਾਹਿਗੁਰੂ ਦੇ ਯਸ਼ ਦਾ ਕੀਰਤਨ ਅਖੰਡ ਹੁੰਦਾ ਹੈ। ਤਦ ਭੀ ਪੰਜ ਚੌਂਕੀਆਂ ਖਾਸ ਨੀਅਤ ਹਨ। ਇਹਨਾਂ ਚੌਂਕੀਆਂ ਦੀ ਸਮਾਪਤੀ ਪਰ ਪੰਜੇ ਵਲੇ ਖੜ੍ਹੇ ਹੋ ਕੇ ਅਰਦਾਸੇ ਹੁੰਦੇ ਹਨ। ਹੋਰ ਕੀਰਤਨ ਦੇ ਅੰਤ ਪਰ ਅਰਦਾਸਾ ਨਹੀਂ ਹੁੰਦਾ। ਇਕ ਚੌਂਕੀ ਬਿਲਾਵਲ ਦੀ ਹੈ ਜੋ ਸਵੇਰੇ 9 ਵਜੇ ਦੇ ਅਨੁਸਾਰ ਹੁੰਦੀ ਹੈ ਪਰ ਉਹ ਚੌਂਕੀਆਂ ਦੀ ਗਿਣਤੀ ਵਿਚ ਨਹੀਂ। ਉਸ ਪਰ ਅਰਦਾਸਾ ਵੀ ਨਹੀਂ ਸੋਧਿਆ ਜਾਂਦਾ। ਪੰਜ ਚੌਂਕੀਆਂ ਜੋ ਨੀਅਤ ਹਨ ਉਹ ਇਹ ਹਨ :-

1. ਪਿਛਲੀ ਰਾਤ, ਪਹਿਰ ਰਾਤ ਰਹੀ ਤੇ ਆਸਾ ਦੀ ਵਾਰ।
2. ਦੂਜੀ ਚੌਂਕੀ ਅਨੰਦ ਦੀ ਹੈ ਜੋ 11 ਤੇ 12 ਵਜੇ ਦੇ ਵਿਚਕਾਰ ਹੁੰਦੀ ਹੈ।
3. ਤ੍ਰਿਪਹਿਰੇ ਡੇਢ ਤੋਂ ਤਿੰਨ ਵਜੇ ਤਕ 'ਚਰਨਕੰਵਲ ਦੀ ਚੌਂਕੀ'।
4. ਸੰਝ ਨੂੰ ਸੋਦਰ ਦੀ ਚੌਂਕੀ।
5. ਪਹਿਰ ਸਵਾ ਪਹਿਰ ਰਾਤ ਗਈ, ਕੀਰਤਨ ਸੋਹਿਲਾ ਦੀ ਚੌਂਕੀ।

ਇਹ ਪੰਜ ਚੌਂਕੀਆਂ ਕੀਰਤਨ ਦੀਆਂ ਗੁਰਮਤ ਵਿਚ ਨਿਯਮਤ ਹਨ। ਸ੍ਰੀ ਦਰਬਾਰ ਸਾਹਿਬ ਜੀ ਵਿਚ ਆਦਿ ਤੋਂ ਜਾਰੀ ਰਹੀਆਂ ਹਨ। ਇਹ ਲੇਖ 1907-8 ਦਾ ਲਿਖਿਆ ਹੋਇਆ ਹੈ। ਤਦੋਂ ਇਹ ਮਰਯਾਦਾ ਜਾਰੀ ਸੀ ਤੇ ਮਗਰੋਂ ਵੀ ਜਾਰੀ ਤੁਰੀ ਆਈ ਹੈ। ਤੇ ਹੁਣ ਵੀ ਚਲ ਰਹੀ ਹੈ। ਅਜਕਲ੍ਹ ਸੋਦਰੁ ਦੀ ਤੇ ਸੋਹਿਲੇ ਦੀ ਚੌਂਕੀ ਦੇ ਵਿਚਕਾਰ ਇਕ ਹੋਰ ਕੀਰਤਨ ਦੀ ਚੌਂਕੀ ਹੁੰਦੀ ਹੈ ਜਿਸ ਨੂੰ ਆਰਤੀ ਦੀ ਚੌਂਕੀ ਕਹਿੰਦੇ ਹਨ ਜੋ ਆਰਤੀ ਦੇ ਸ਼ਬਦ ਪੜ੍ਹਨ ਤੋਂ ਬਾਅਦ ਸ਼ੁਰੂ ਹੁੰਦੀ ਹੈ।

ਪਾਠਕ ਪਿਛੇ ਪੜ੍ਹ ਆਏ ਹਨ ਕਿ ਦਸਤੂਰ ਉਲ ਅਮਲ ਦਰਬਾਰ ਸਾਹਿਬ (1926-40) ਵਿਚ ਕੁੱਲ (15) ਚੌਂਕੀਆਂ ਲਿਖੀਆਂ ਹਨ। ਜਦ ਮੈਂ 1958 ਈ: ਵਿਚ ਗ੍ਰੰਥੀ ਦੀ ਸੇਵਾ ਸੰਭਾਲੀ ਤਾਂ ਉਸ ਸਮੇਂ ਕੁਲ 13 ਚੌਂਕੀਆਂ ਕੀਰਤਨ ਦੀਆਂ ਸਨ। ਕੀਰਤਨੀ ਜਥੇ ਸੱਤ ਸਨ। ਆਸਾ ਦੀ ਵਾਰ ਇਕ ਜਥਾ ਕਰਦਾ, ਬਾਕੀ ਸਾਰੇ ਦੋ ਦੋ ਚੌਂਕੀਆਂ ਕਰਦੇ ਸਨ। ਅਜ ਕਲ 8 ਜਥੇ ਹਨ ਤੇ ਚੌਂਕੀਆਂ 15 ਹਨ। ਜਿਹਨਾਂ ਦਾ ਵੇਰਵਾ ਪਿਛੇ ਆ ਚੁੱਕਾ ਹੈ।

ਗੁਰਮਤਿ ਸੰਗੀਤ ਵਿਚ ਕੀਰਤਨੀ ਜਥੇ ਨੂੰ ਚੌਂਕੀ ਕਹਿੰਦੇ ਹਨ ਚੌਂਕੀ ਵਿਚ ਘੱਟ ਤੋਂ ਘੱਟ ਚਾਰ ਗਵੱਈਏ ਹੁੰਦੇ ਸਨ। ਇਕ ਜਥਦਾਰ ਦੋ ਸੁਰ ਰਚਾਉਣ ਵਾਲੇ ਭਾਵ ਸਹਾਇਕ ਤੇ ਚੌਥਾ ਜੋੜੀਵਾਲਾ, ਇਸ ਤੋਂ ਘੱਟ ਨਹੀਂ ਪਰ ਅਜ ਕਲ ਸ੍ਰੀ ਹਰਿਮੰਦਰ ਸਾਹਿਬ ਅੰਦਰ ਤੰਤੀ ਸਾਜ਼ਾਂ ਦੀ ਅਣਹੋਂਦ ਕਰਕੇ ਤਿੰਨਾਂ ਗਵੱਈਆਂ ਦੀਆਂ ਹੀ ਚੌਂਕੀਆ ਭਾਵ ਕੀਰਤਨੀ ਜਥੇ ਹਨ। ਪੁਰਾਤਨ ਸਮੇਂ ਹਰ ਚੌਂਕੀ ਦੇ ਅਰੰਭ ਵਿਚ ਪਹਿਲਾਂ ਸ਼ਬਦ ਡੂੰਘੇ ਰਾਗ ਵਿਚ ਅਲਾਪ ਸਹਿਤ ਗਾਇਆ ਜਾਂਦਾ ਸੀ ਬਾਕੀ ਦੇ ਸ਼ਬਦ ਆਪਣੀ ਮਰਜੀ ਦੇ ਗਾਏ ਜਾਂਦੇ ਸਨ, ਪਰ ਹੁਣ ਰਾਗੀ ਸਿੰਘ ਇਹ ਮਰਯਾਦਾ ਨੂੰ ਪੂਰਾ ਨਹੀਂ ਕਰ ਰਹੇ। ਪੁਰਾਤਨ ਸਮੇਂ ਰਾਗੀ ਸਿੰਘ ਹਰ ਰਾਗ ਨੂੰ ਉਸ ਦੇ ਸਮੇਂ ਅਨੁਸਾਰ ਗਾਉਂਦੇ ਸਨ। ਜਿਵੇਂ

ਆਸਾ ਦੀ ਵਾਰ ਸਮੇਂ ਤੇ—

'ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ'

ਦਾ ਸ਼ਬਦ ਆਸਾ ਰਾਗ ਵਿਚ ਗਾਇਆ ਜਾਂਦਾ ਸੀ। ਅੱਜ ਕਲ ਕੁਝ ਨਵੇਂ ਰਾਗੀ ਸਿੰਘ ਇਸ ਦੀ ਪਾਲਣਾ ਨਹੀਂ ਕਰ ਰਹੇ। ਪੁਰਾਤਨ ਸਮੇਂ ਵਿਚ ਸ੍ਰੀ ਹਰਿਮੰਦਰ ਸਾਹਿਬ ਸਾਹਿਬ ਦੇ ਰਾਗੀ ਰਬਾਬੀ ਸੰਗੀਤ ਦੇ ਮਹਾਨ ਅਚਾਰਯ ਹੁੰਦੇ ਸਨ ਬਜ਼ੁਰਗ ਦਸਦੇ ਹਨ ਕਿ ਭਾਰਤ ਭਰ ਦੇ ਸੰਗੀਤਕਾਰ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀਆਂ ਜਾ ਰਬਾਬੀਆਂ ਨਾਲ ਮੁਕਾਬਲਾ ਕਰਨੋਂ ਝਿਜਕਦੇ ਸਨ।

## ਕੀਰਤਨ ਦਾ ਸੇਵਾ ਫਲ —

ਪੁਰਾਤਨ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਵਸਤੂਆਂ ਦੇ ਭਾਅ ਸਸਤੇ ਹੋਣ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਖਜਾਨੇ ਚੋਂ 'ਚੋਂ' ਜੋ ਰੁਜ਼ੀਨਾ ਮਿਲਦਾ ਸੀ ਉਹ ਇਕ ਦਿਨ ਦਾ ਵਧ ਤੋਂ ਵਧ ਇਕ ਰੁਪਇਆ ਤੇ ਘਟ ਤੋਂ ਘਟ 4 ਪੈਸੇ ਹੁੰਦਾ ਸੀ। ਮਹੀਨੇ ਬਾਅਦ ਤਨਖਾਹ ਫਿਰ ਵਧ ਕੇ ਘੱਟ ਤੋਂ ਘੱਟ ਪੰਜ ਰੁਪਏ ਜਾਂ ਸੱਤ ਰੁਪਏ ਅਤੇ ਵੱਧ ਤੋਂ ਵੱਧ 30 ਜਾਂ 40 ਰੁਪਏ ਮਹੀਨਾ ਸੀ। ਕੀਰਤਨ ਕਰਦਿਆਂ ਸਮੇਂ ਸੰਗਤਾਂ ਵਲੋਂ ਜੋ ਸ਼ਬਦ-ਭੇਟ ਅਰਦਾਸ ਹੁੰਦੀ ਉਹ ਰਾਗੀਆਂ ਅਤੇ ਰਬਾਬੀਆਂ ਦੀ ਹੁੰਦੀ ਸੀ ਭਾਵੇਂ ਉਹ ਕਿੰਨੀ ਹੋਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਆ ਜਾਣ ਤੇ ਸਾਰੇ ਰਾਗੀਆਂ ਤੇ ਰਬਾਬੀਆਂ ਨੂੰ ਮਲਾਜ਼ਮ ਭਰਤੀ ਕਰ ਲਿਆ ਗਿਆ ਤੇ ਮਾਹਵਾਰੀ ਤਨਖਾਹਾਂ ਮੁਕੱਰਰ ਕਰ ਦੱਤੀਆਂ। ਸਰਕਾਰੀ ਮੁਲਾਜਮਾਂ ਵਾਂਗ ਗਰੇਡ ਮਹਿੰਗਾਈ ਅਲਾਊਂਸ, ਛੁੱਟੀਆਂ, ਤਰੱਕੀਆਂ, ਪ੍ਰਾਵੀਡੈਂਡ ਫੰਡ ਆਦਿ ਦੀਆਂ ਸਹੂਲਤਾਂ ਦਿੱਤੀਆਂ ਗਈਆਂ। ਡਿਊਟੀ ਤੇ ਜਾਣ ਵਾਲਿਆਂ ਲਈ ਡੀ. ਏ., ਟੀ. ਏ. ਮੁਕੱਰਰ ਹੋ ਗਏ ਅੱਜ ਕਲ੍ਹ ਬਾਹਰੋਂ ਆਈ ਮਾਇਆ 'ਚੋਂ' ਵੀ ਕੁਝ ਹਿੱਸਾ ਰਾਗੀਆਂ ਨੂੰ ਦਿੱਤਾ ਜਾਂਦਾ ਹੈ। 1947 ਈ, ਤੋਂ ਕੁਝ ਸਮਾਂ ਪਹਿਲਾਂ ਹੀ ਕੁਝ ਰਬਾਬੀ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ। ਅੰਤਲਾ ਰਬਾਬੀ ਭਾਈ ਚਾਂਦ ਸੀ, ਜੋ ਪਹਿਲਾਂ ਹੀ ਸੇਵਾ-ਮੁਕਤ ਹੋ ਗਿਆ ਸੀ ਤੇ 1947 ਈ. ਸਮੇਂ ਪਾਕਿਸਤਾਨ ਚਲਾ ਗਿਆ ਅੱਜ ਕੱਲ੍ਹ ਰਾਗੀ ਸਿੰਘਾਂ ਦੀਆਂ ਮਹਿੰਗਾਈ ਕਰ ਕੇ ਕਾਫੀ ਚੰਗੀਆਂ ਤਨਖਾਹਾਂ ਦੇ ਗਰੇਡ ਹਨ।

**ਬਸੰਤ ਰਾਗੁ**—ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਬਸੰਤ ਰਾਗ ਗਾਉਣ ਦੀ ਪੁਰਾਤਨ ਸਮੇਂ ਤੋਂ ਜੋ ਮਰਯਾਦਾ ਚਲੀ ਆਉਂਦੀ ਹੈ ਉਹ ਹੋਰ ਕਿਸੇ ਅਸਥਾਨ ਤੇ ਨਹੀਂ। ਪਹਿਲਾਂ ਬਸੰਤ ਰਾਗ ਦੇ ਅਰੰਭ ਸਬੰਧੀ ਲੋਹੜੀ ਦੀ ਸ਼ਾਮ ਨੂੰ ਬਾਬਾ ਗੁਰਬਖਸ਼ ਸਿੰਘ ਜੀ ਦੇ ਸ਼ਹੀਦ ਗੰਜ ਜੋੜ-ਮੇਲਾ ਹੁੰਦਾ ਹੈ, ਫਿਰ ਗੁ: ਥੜਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਵਿਖੇ ਸਮਾਗਮ ਹੁੰਦਾ ਹੈ, ਮਾਨ ਬਸੰਤ ਰਾਗ ਧਰਤੀ ਤੇ ਉਤਰ ਆਇਆ ਹੈ। ਲੋਹੜੀ ਦੀ ਰਾਤ ਨੂੰ 9 ਵਜੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਚਲਦਾ ਕੀਰਤਨ ਬੰਦ ਕਰ ਕੇ

ਅਰਦਾਸੀਆ ਸਿੰਘ ਸਪੈਸ਼ਲ ਅਰਦਾਸ ਕਰਦਾ ਹੈ ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਅੰਦਰ ਬਸੰਤ ਰਾਗ ਗਾਉਣ ਦੇ ਅਰੰਭ ਕਰਨ ਦੀ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਉਪਰੰਤ ਰਾਗੀ ਸਿੰਘ "ਮਾਹਾ ਸ਼ਾਹ ਮੁਮਾਰਖੀ ਚੜਿਆ ਸਦਾ ਬਸੰਤ" ਵਾਲਾ ਬਸੰਤ ਰਾਗ ਦਾ ਪਹਿਲਾ ਗੁਰੂ ਨਾਨਕ ਸਾਹਿਬ ਜੀ ਦਾ ਸਬਦ ਬਸੰਤ ਰਾਗ ਵਿਚ ਗਾਉਂਦੇ ਹਨ। ਐਉਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਸੰਤ ਰਾਗ ਗਾਉਣ ਦਾ ਅਰੰਭ ਹੁੰਦਾ ਹੈ। ਮਰਯਾਦਾ ਅਨੁਸਾਰ ਹਰ ਰੋਜ਼ ਹਰ ਰਾਗੀ ਜਥਾਂ ਪਹਿਲਾ ਸ਼ਬਦ ਹਰ ਹਾਲਤ ਵਿਚ ਬਸੰਤ ਰਾਗੁ ਦਾ ਸ਼ਬਦ ਤੇ ਬਸੰਤ ਰਾਗੁ ਵਿਚ ਹੀ ਗਾਉਦਾ ਹੈ। ਹਰ ਚੌਂਕੀ ਦੇ ਦਰਮਿਆਨ 'ਚ 'ਬਸੰਤ ਕੀ ਵਾਰ' ਦੀਆਂ ਪਹਿਲੀਆਂ ਦੋ ਪਉੜੀਆਂ ਗਾਈਆਂ ਜਾਂਦੀਆਂ ਹਨ ਤੇ ਤੀਜੀ ਪਉੜੀ ਅੰਤ ਵਿਚ ਗਾ ਕੇ ਚੌਂਕੀ ਦੇ ਕੀਰਤਨ ਦੀ ਸਮਾਪਤੀ ਕੀਤੀ ਜਾਂਦੀ ਹੈ। ਤਿੰਨੇ ਹੀ ਪਉੜੀਆਂ ਬਸੰਤ ਰਾਗ ਵਿਚ ਹੀ ਗਾਈਆਂ ਜਾਂਦੀਆਂ ਹਨ। ਇਹ ਸਿਲਸਿਲਾ ਹੋਲੇ ਮਹੱਲੇ ਵਾਲੇ ਦਿਨ ਤੱਕ ਚਲਦਾ ਹੈ ਹੋਲੇ ਮਹੱਲੇ ਵਾਲੇ ਦਿਨ ਆਸਾ ਜੀ ਦੀ ਵਾਰ ਦਾ ਸਮਾਪਤੀ ਦੀ ਅਰਦਾਸ ਵਿਚ ਹੀ ਬਸੰਤ ਰਾਗ ਗਾਉਣ ਦੀ ਸਮਾਪਤੀ ਦੀ ਵੀ ਅਰਦਾਸ ਕਰ ਦਿੱਤੀ ਜਾਂਦੀ ਹੈ।

ਨੋਟ — ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਰਦੀਆਂ ਵਿਚ ਘੱਟ ਤੋਂ ਘੱਟ 18 ਘੰਟੇ ਤੇ ਗਰਮੀਆਂ ਵਿਚ ਵੱਧ ਤੋਂ ਵੱਧ 20 ਘੰਟੇ ਗੁਰਬਾਣੀ ਦਾ ਅਖੰਡ ਕੀਰਤਨ ਹੁੰਦਾ ਹੈ।

ਇਸ ਸਮੇਂ ਰਾਗੀ ਸਿੰਘ ਸ਼ਬਦ ਭੇਟ ਨਾ ਅਰਦਾਸ ਕਰ ਸਕਦਾ ਹੈ, ਨਾ ਵਿਆਖਿਆ ਤੇ ਨਾ ਹੀ ਕੋਈ ਹੋਰ ਜ਼ਰੂਰੀ ਸੂਚਨਾ ਦੇ ਸਕਦਾ ਹੈ। ਕੀਰਤਨ, ਅਰਦਾਸ ਤੇ ਮਹਾਂਵਾਕ ਤੋਂ ਬਿਨਾਂ ਹੋਰ ਕੋਈ ਬਚਨ ਬਿਲਾਸ ਨਹੀਂ ਹੋ ਸਕਦਾ। ਅਰਦਾਸ ਤੋਂ ਬਾਅਦ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਵੀ ਨਹੀਂ ਛਡਿਆ ਜਾਂਦਾ। ਮੇਰੇ ਹੈੱਡ ਗਰੰਥੀ ਦੀ ਪਾਵਨ ਸੇਵਾ ਸੰਭਾਲਣ ਤੋਂ ਪਹਿਲਾਂ ਅਰਦਾਸ ਤੋਂ ਬਾਅਦ ਅਰਦਾਸੀਆ ਸਿੰਘ ਰੋਜ਼ਾਨਾ ਕੜਾਹ ਪ੍ਰਸਾਦ ਕਰਾਉਣ ਵਾਲੇ ਦਾਨੀ ਸੱਜਣਾਂ ਦੇ ਨਾਮ ਸੁਣਾਂਦਾ ਸੀ, ਪਰ ਸਾਰੇ ਸਿੰਘ ਸਾਹਿਬਾਨ ਵਲੋਂ ਵਿਚਾਰ ਕਰਨ ਉਪਰੰਤ ਗੁਰਮਤਾ ਕਰਕੇ ਨਾਮ ਸੁਣਾਉਣੇ ਬੰਦ ਕਰ ਦਿੱਤ ਹਨ।

ੴ ਸਤਿਗੁਰ ਪ੍ਰਸਾਦਿ ॥

# ਸ਼ਬਦ ਸੁਰ ਲਿਪੀ ਰਾਗ ਬਸੰਤ ਤਿੰਨ ਤਾਲ

—ਪ੍ਰੋ: ਜਸਪਾਲ ਸਿੰਘ

2848/1, ਸੈਕਟਰ 37-ਸੀ, ਚੰਡੀਗੜ੍ਹ ।

ਥਾਟ ਪੂਰਬੀ

ਵਾਦੀ ਤਾਰ ਸਪਤਕ ਸਾਂ ਸੰਵਾਦੀ ਪੰਚਮ, ਸੁਰ ਦੋਵੇਂ ਮਧਮ

ਰੇ ਅਤੇ ਧ ਸੁਰ ਕੋਮਲ, ਸਮਾਂ ਬਸੰਤ ਰੁਤ

ਅਰੋਹ—ਸਾ ਗ ਮੇ ਧੁ ਰੇਂ ਸਾਂ

ਅਵਰੋਹ—ਸਾਂ ਨੀ ਧੁ ਪ ਮੇ ਗ ਮੇ ਗ ਰੁ ਸਾ

ਪਕੜ—ਮੇ ਧ ਰੇਂ ਸਾਂ ਰੇਂ ਨੀ ਧੁ ਪ ਮੇ ਗ ਮੇ ਗਾ

(ਬਸੰਤ ਕਬੀਰ ਜੀ ਘਰ 1, 11-3)

ਮਉਲੀ ਧਰਤੀ ਮਉਲਿਆ ਅਕਾਸੁ । ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥

ਰਾਜਾ ਰਾਮ ਮਉਲਿਆ ਅਨਤ ਭਾਇ । ਜਹ ਦੇਖਉ ਤਹ ਰਹਿਆ ਸਮਾਇ ॥ਰਹਾਉ॥

ਦੁਤੀਆ ਮਉਲੇ ਚਾਰਿ ਬੇਦ । ਸਿਮ੍ਰਿਤਿ ਮਉਲੀ ਸਿਉ ਕਤੇਬ ॥

ਸੰਕਰ ਮਉਲਿਓ ਜੋਗ ਧਿਆਨੁ । ਕਬੀਰ ਕੋ ਸੁਆਮੀ ਸਭ ਸਮਾਨ ॥

The earth is in bloom and in bloom is the sky.

Every heart has flowered by the Lord's Light.

My Lord the King, is rejoicing in endlees ways.

Whithersoever I see, thither He is contained. Pause.

The four Vadas rejoice in duality.

So are rejoicing the Simirtis, together with the Muslim religious books.

Shiva is blossoming in the yogas contemplation.

Kabir's Lord blooms amongst all alike.

ਜ਼ਮੀਨ ਖਿੜਾਉ ਵਿਚ ਹੈ ਅਤੇ ਖਿੜਾਉ ਵਿਚ ਹੈ ਆਸਮਾਨ ।

ਪ੍ਰਭੂ ਦੇ ਪ੍ਰਕਾਸ਼ ਦੁਆਰਾ ਹਰ ਦਿਲ ਪ੍ਰਫੁਲਤ ਹੋਇਆ ਹੋਇਆ ਹੈ ।

ਮੇਰਾ ਪ੍ਰਭੂ, ਪਾਤਿਸ਼ਾਹ ਅੰਤ-ਰਹਿਤ ਤਰੀਕਿਆਂ ਨਾਲ ਪ੍ਰਸੰਨ ਹੋ ਰਿਹਾ ਹੈ ।

ਜਿਥੇ ਕਿਤੇ ਭੀ ਮੈਂ ਵੇਖਦਾ ਹਾਂ, ਉਥੇ ਹੀ ਉਹ ਰਮਿਆ ਹੋਇਆ ਹੈ । ਠਹਿਰਾਉ ।

ਚਾਰੇ ਹੀ ਵੇਦ ਦਵੈਤਭਾਵ ਅੰਦਰ ਖੁਸ਼ ਹੋ ਰਹੇ ਹਨ ।

ਏਸੇ ਤਰ੍ਹਾਂ ਹੀ ਖੁਸ਼ ਹੋ ਰਹੀਆਂ ਹਨ ਸਿਮ੍ਰਤੀਆਂ, ਮੁਸਲਮਾਨੀ ਧਾਰਮਕ ਪੁਸਤਕਾਂ ਸਮੇਤ ।

ਯੋਗ ਦੇ ਚਿੰਤਨ ਅੰਦਰ ਸ਼ਿਵਜੀ ਪ੍ਰਫੁਲਤ ਹੋ ਰਿਹਾ ਹੈ ।

ਕਬੀਰ ਦਾ ਸਾਹਿਬ ਸਾਰਿਆਂ ਅੰਦਰ ਇਕ ਸਮਾਨ ਪ੍ਰਫੁਲਤ ਹੋ ਰਿਹਾ ਹੈ ।

# ਉਠਾਨ 9ਵੀਂ ਮਾਤਰਾ ਤੋਂ ਰਾਗ ਬਸੰਤ
## ਤ੍ਰਿਨ ਤਾਲ ਮਾਤਰਾ-16

ਸਥਾਈ

9 10 11 12 13 14 15 16
ਧੁਨੀ ਸਾਂ ਨੀ ਧੁ ਪ ਪ ਪ -
ਮਉ s ਲੀ s ਧ ਰ ਤੀ s

1 2 3 4 5 6 7 8
ਮੇ ਗ ਮੇ ਧੁ ਰੇਂ ਸਾਂ ਨੀ ਸਾਂ
ਮਉ s ਲਿਆ ਅ ਕਾ s ਸ s

ਧੁ ਸਾਂ ਨੀ ਧੁ ਪ ਮੇ ਧੁ ਪ
ਘ ਟਿ ਘ ਟਿ ਮਉ s ਲਿਆ s

ਮੇ ਗ ਗਮੇ ਧੁਗ ਮੇ ਗ ਰੁ ਸਾ
ਆ s ਤs ਮs ਪ੍ਰ ਗਾ s ਸ

ਸਾ ਸ ਮ ਮ ਗਮ ਮੇ ਮ ਗਾ
ਘ ਟਿ ਘ ਟਿ ਮਉ s ਲਿਆ s
0 3

ਮੇ ਧੁ ਨੀ ਧੁ ਸਾਂ ਨੀ ਧੁ ਪਮੇ
ਆ s ਤ ਮ ਪ੍ਰ ਗਾ s ਸs
× 2

ਅੰਤਰਾ

ਮੇ ਗ ਮੇ -ਧੁ ਸਾਂ - ਸਾਂ ਸਾਂ
ਰਾ ਜਾ ਰਾ sਮ ਮਉ s ਲਿਆ s

ਧੁ ਨੀ ਰੇਂ ਸਾਂ ਨੀ ਧੁ ਪ -
ਅ ਨ s ਤ ਭਾ s ਇ s

ਧੁ ਨੀ ਰੇਂ ਮੇਂ ਗਂ ਰੇਂ ਸਾਂ ਸਾਂ
ਜਹ s ਵੇ s ਖਉ s ਤਹ s
0 3

ਸਾਂ ਸਾਂ ਨੀ ਧੁ ਪ ਮੇਗ ਮੇ ਗ
ਰਹਿ ਆ s ਸ ਮਾ ss s ਵਿ
× 2

# ਪੁਸਤਕ ਚਰਚਾ

ਪੁਸਤਕ - ਆਤਮਾ ਪ੍ਰਕਾਸ਼

ਲੇਖਕ - ਸਰਦਾਰਾ ਸਿੰਘ

ਪ੍ਰਕਾਸ਼ਕ - ਤੇਜਵੰਤ ਪ੍ਰਕਾਸ਼ਨ
126, ਸੈਕਟਰ 19-ਏ,
ਚੰਡੀਗੜ੍ਹ ।

ਭੇਟਾ—15-00 ਰੁਪਏ

'ਆਤਮਾ ਪ੍ਰਕਾਸ਼' ਪੁਸਤਕ ਦੇ ਲੇਖਕ ਸ੍ਰ ਸਰਦਾਰਾ ਸਿੰਘ ਜੀ 'ਗੁਰਬਾਣੀ ਇਸ ਜਗ ਮਹਿ ਚਾਨਣੁ' ਮਾਸਿਕ ਪਤ੍ਰਿਕਾ ਰਾਹੀਂ ਗੁਰਬਾਣੀ ਦੀ ਵਿਚਾਰਧਾਰਾ ਉਤੇ ਅਨੇਕਾਂ ਲੇਖ ਲਿਖ ਚੁਕੇ ਹਨ। ਆਪਣੇ ਲੇਖਾਂ ਵਿਚ ਮਨੁਖ ਦੇ ਆਦਿ ਕਾਲੀ ਗਹਿਰ ਗੰਭੀਰ ਪ੍ਰਸ਼ਨ 'ਮੈਂ ਕੌਣ ਹਾਂ' ਦੀ ਚਰਚਾ ਕਰਦੇ ਹਨ। ਇਸ ਪ੍ਰਸ਼ਨ ਤੋਂ ਉਪਜੇ ਅਨੇਕਾਂ ਪ੍ਰਸ਼ਨਾਂ ਦੇ ਉਤਰ ਉਹਨਾਂ ਨੇ ਗੁਰਬਾਣੀ ਵਿਚੋਂ ਲੱਭਣ ਦਾ ਜਤਨ ਕੀਤਾ ਹੈ।

ਇਸ ਪੁਸਤਕ ਵਿਚ ਮੈਂ ਕੌਣ ਹਾਂ ? ਮੇਰਾ ਪੱਕਾ ਤੇ ਅਸਲੀ ਘਰ, ਮੇਰੇ ਸੰਬੰਧੀ ਤੇ ਮਿੱਤਰ, ਮੇਰੇ ਦੁਸ਼ਮਣ, ਮੇਰਾ ਕਾਰੋਬਾਰ, ਮੇਰੇ ਘਰ ਦੀਆਂ ਸਿਫਤਾਂ, ਆਪਣੇ ਘਰ ਦਾ ਰਸਤਾ, ਜੀਵਨ ਮਨੋਰਥ ਆਦਿ ਵਿਸ਼ਿਆਂ ਨੂੰ ਚਿਤਰਿਆ ਹੈ। ਪੁਸਤਕ ਪੜ੍ਹਦਿਆਂ ਜਾਪਦਾ ਹੈ ਕਿ ਲੇਖਕ ਖੁਦ ਇਸ ਅਨੁਭਵ ਵਿਚੋਂ ਗੁਜ਼ਰਿਆ ਹੈ। ਹਰ ਕੋਈ ਇਸ ਪੁਸਤਕ ਨੂੰ ਪੜ੍ਹਦਿਆਂ ਇਸ ਅਨੁਭਵ ਨੂੰ ਮਾਣ ਸਕਦਾ ਹੈ। ਕਿਸੇ ਬਗੀਚੇ ਵਿਚੋਂ ਲੰਘਦਿਆਂ ਉਥੋਂ ਦੇ ਫੁੱਲਾਂ-ਬੂਟਿਆਂ ਦੀ ਥੋੜੀ-ਬਹੁਤ ਖੁਸ਼ਬੋ ਜ਼ਰੂਰ ਸੰਗ ਹੋ ਤੁਰਦੀ ਹੈ।

—ਡਾ: ਜਾਗੀਰ ਸਿੰਘ